ਕੈਨੇਡਾ ਦਰਪਣ

ਜਨਵਰੀ 16, 1985

January 16, 1985

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Second Class Mail
Reg. No. 5991

ਕੀਮਤ 30 ਸੈਂਟ Out of Greater Vancouver Price 40¢

THE CANADA DARPAN
Punjabi Weekly Newspaper
JANUARY 16 to JANUARY 22,1985
VOL 4 NO. 3
Editor-in-chief: (Hon.) Darshan Gill
Mailing Address:
P.O. Box 67344 Stn. 'O', Vancouver, B.C. V5W 3T1
Phone: 321-6360

ਦਲ ਦਾ ਅਤਿਵਾਦ ਅਤੇ ਵੱਖਵਾਦ ਨਾਲ ਕੋਈ ਵਾਸਤਾ ਨਹੀਂ - ਠੇਕੇਦਾਰ

ਆਨੰਦਪੁਰ ਸ਼ਾਹਿਬ ਦਾ ਮਤਾ ਭਾਰਤੀ ਸੰਵਿਧਾਨ ਤੋਂ ਬਾਹਰ ਨਹੀਂ

ਅੰਮ੍ਰਿਤਸਰ - (ਵਿਸ਼ੇਸ਼ ਪ੍ਰਤੀਨਿਧ) - ਅਕਾਲੀ ਦਲ ਨੇ ਸਪੱਸ਼ਟ ਐਲਾਨ ਕੀਤਾ ਕਿ ਆਨੰਦਪੁਰ ਸਾਹਿਬ ਦੇ ਮਤੇ ਸਣੇ ਇਸ ਦੀਆਂ ਸਾਰੀਆਂ ਮੰਗਾਂ ਭਾਰਤ ਦੇ ਸੰਵਿਧਾਨ ਦੇ ਢਾਂਚੇ ਦੇ ਅੰਦਰ ਹਨ ਅਤੇ ਦਲ ਦਾ ਵੱਖਵਾਦੀ ਅਤੇ ਅਤਿਵਾਦੀ ਸਰਗਰਮੀਆਂ ਨਾਲ ਕੋਈ ਵਾਸਤਾ ਨਹੀਂ ।

ਇਹ ਦੋ ਟੁੱਕ ਗੱਲ ਪਾਰਟੀ ਦੀ ਐਡਹਾਕ ਕਮੇਟੀ ਦੇ ਕਨਵੀਨਰ ਸੁਰਜਨ ਸਿੰਘ ਠੇਕੇਦਾਰ ਨੇ ਇੱਥੇ ਇੱਕ ਇੰਟਰਵੀਊ ਵਿੱਚ ਕਹੀ । ਉਹ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਲੋਂ ਦਿੱਤੇ ਗਏ ਇਸ ਬਿਆਨ ਉਤੇ ਟਿੱਪਣੀ ਕਰ ਰਹੇ ਸਨ ਕਿ ਅਕਾਲੀ ਨੇਤਾ ਵੱਖਵਾਦ ਅਤੇ ਅਤਿਵਾਦ ਨਾਲੋਂ ਆਪਣੇ ਆਪ ਨੂੰ ਮੁਕੰਮਲ ਤੌਰ ਤੇ ਨਿਖੇੜਣ । ਰਾਜੀਵ ਗਾਂਧੀ ਨੇ ਇੱਕ ਵਿਦੇਸ਼ੀ ਅਖ਼ਬਾਰ ਦੇ ਦਿੱਲੀ ਬਿਊਰੋ ਦੇ ਮੁਖੀ ਨਾਲ ਭੇਟ ਵਾਰਤਾ ਵਿੱਚ ਇਹ ਗੱਲ ਕਹੀ ਸੀ ।

ਸੁਰਜਨ ਸਿੰਘ ਠੇਕੇਦਾਰ ਨੇ ਕਿਹਾ ਕਿ ਅਕਾਲੀ ਦਲ ਨੇ ਪ੍ਰਧਾਨ ਮੰਤਰੀ ਦੇ ਇਸ ਬਿਆਨ ਨੂੰ ਨੋਟ ਕੀਤਾ ਹੈ ਕਿ ਅਕਾਲੀ ਦਲ ਆਨੰਦਪੁਰ ਸਾਹਿਬ ਦੇ ਮਤੇ ਨੂੰ ਸਰਕਾਰੀਆ ਕਮਿਸ਼ਨ ਕੋਲ ਲਿਜਾ ਸਕਦਾ ਹੈ ਜਿਹੜਾ ਇਸ ਵੇਲੇ ਕੇਂਦਰ ਅਤੇ ਰਾਜਾਂ ਵਿਚਾਲੇ ਸਬੰਧਾਂ ਬਾਰੇ ਵਿਚਾਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਵਿਚਾਰ ਹੋ ਸਕਦਾ ਹੈ, ਪਰ ਸਰਕਾਰ ਨੂੰ ਚਾਹੀਦਾ ਹੈ ਕਿ ਪਹਿਲਾਂ ਉਹ ਸੀਨੀਅਰ ਅਕਾਲੀ ਨੇਤਾਵਾਂ ਨੂੰ ਰਿਹਾ ਕਰੇ ਤਾਂ ਜੋ ਉਹ ਰਾਜੀਵ ਗਾਂਧੀ ਦੇ ਮਸ਼ਵਰੇ ਬਾਰੇ ਵਿਚਾਰ ਕਰ ਸਕਣ। ਉਨ੍ਹਾਂ ਸਿੱਖ ਨੌਜਵਾਨਾਂ ਦੀ ਵੀ ਰਿਹਾਈ ਦੀ ਮੰਗ ਕੀਤੀ ।

ਪਰ ਉਨ੍ਹਾਂ ਆਪਣੇ ਇਸ ਸਟੈਂਡ ਨੂੰ ਦੁਹਰਾਇਆ ਕਿ ਪੰਜਾਬ ਦੇ ਮਸਲੇ ਬਾਰੇ ਕੇਂਦਰ ਨਾਲ ਗੱਲਬਾਤ ਕਰਨ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਤੋਂ ਬਿਨਾਂ ਹੋਰ ਕਿਸੇ ਨੂੰ ਅਧਿਕਾਰ ਨਹੀਂ ।

ਉਨ੍ਹਾਂ ਮੰਗ ਕੀਤੀ ਕਿ ਸ੍ਰੀਮਤੀ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਫਸਾਦਾਂ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਦਿੱਤੀ ਜਾਵੇ, ਪੰਜਾਬ 'ਚ ਕਾਇਮ ਕੀਤੀਆਂ ਵਿਸ਼ੇਸ਼ ਅਦਾਲਤਾਂ ਭੰਗ ਕੀਤੀਆਂ ਜਾਣ, ਹਿੰਸਾ ਅਤੇ ਸਾੜ ਫੂਕ ਦੀਆਂ ਵਾਰਦਾਤਾਂ ਦੀ ਪੜਤਾਲ ਸੁਪਰੀਮ ਕੋਰਟ ਦੇ ਕਿਸੇ ਜੱਜ ਤੋਂ ਕਰਵਾਈ ਜਾਵੇ ।

ਇਸੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰੋਂ ਸੂਚਨਾ ਦਿੱਤੀ ਗਈ ਸੀ ਕਿ ਇਸ ਦੇ ਤਿੰਨ ਕਾਰਜਕਾਰੀ ਮੈਂਬਰ ਭਾਨ ਸਿੰਘ ਨਾਰੋਂਕੇ, ਜੋਗਿੰਦਰ ਸਿੰਘ ਜੋਗੀ ਅਤੇ ਗਿਆਨੀ ਗੋਪਾਲ ਸਿੰਘ ਗੁਰੂ ਰਾਮਦਾਸ ਸਰਾਂ ਗਏ ਅਤੇ ਬਾਹਰਲੇ ਰਾਜਾਂ ਤੋਂ ਉਜੜ ਕੇ ਆਏ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ । ਉਨ੍ਹਾਂ ਸ਼ਰਨਾਰਥੀਆਂ ਦੀ ਦੇਖ-ਭਾਲ ਉਤੇ ਤਸੱਲੀ ਪ੍ਰਗਟ ਕੀਤੀ ।

ਜਲੰਧਰ ਤੋਂ ਪੀ. ਟੀ. ਆਈ. ਅਨੁਸਾਰ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਵਡਾਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਲ ਲੋਕ ਸਭਾ ਚੋਣਾਂ ਦੌਰਾਨ ਅਨੰਦਪੁਰ ਸਾਹਿਬ ਦੇ ਮਤੇ ਨੂੰ ਤੂਲ ਦੇਣ ਦਾ ਮਕਸਦ ਬਹੁਗਿਣਤੀ ਫਿਰਕੇ ਦੇ ਮਨਾਂ ਅੰਦਰ ਭੜਕਾਹਟ ਪੈਦਾ ਕਰਕੇ ਵੋਟਾਂ ਵਟੋਰਨਾਂ ਸੀ ।

ਜਲੰਧਰ ਤੋਂ ਹੀ ਸਾਡੇ ਵਿਸ਼ੇਸ਼ ਪ੍ਰਤੀਨਿਧ ਅਨੁਸਾਰ ਪੰਜਾਬ ਜਨਤਾ ਪਾਰਟੀ ਦੇ ਪ੍ਰਧਾਨ ਹਰਭਜਨ ਸਿੰਘ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਸਰਕਾਰੀਆ ਕਮਿਸ਼ਨ ਕਾਇਮ ਹੋਣ ਤੋਂ ਬਾਅਦ ਅਨੰਦਪੁਰ ਸਾਹਿਬ ਦਾ ਮਤਾ ਉਠਾਉਣਾ ਬੇਤੁੱਕੀ ਗੱਲ ਹੈ । ਪੰਜਾਬ ਕਾਂਗਰਸ (ਆਈ) ਦੇ ਉਪ ਪ੍ਰਧਾਨ ਸ੍ਰੀ ਯਸ਼ ਨੇ ਕਿਹਾ ਕਿ ਜੇਕਰ ਰਾਜਾਂ ਲਈ ਵੱਧ ਅਧਿਕਾਰ ਦੀ ਮੰਗ ਹੀ ਅਨੰਦਪੁਰ ਦੇ ਮਤੇ ਦੀ ਮੁੱਖ ਧਾਰਾ ਹੈ ਤਾਂ ਸਰਕਾਰੀਆ ਕਮਿਸ਼ਨ ਬਣਨ ਨਾਲ ਇਹ ਉਸ ਦੇ ਹੇਠ ਆ ਜਾਂਦੀ ਹੈ ।

ਸੀਨੀਅਰ ਅਕਾਲੀ ਆਗੂ ਮੇਜਰ ਸਿੰਘ ਉਬੋਕੇ ਵਿਧਾਇਕ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਲੋਂ ਪੰਜਾਬ ਦੇ ਮਸਲੇ ਦੇ ਹੱਲ ਵਲ ਦਿੱਤੀ ਜਾ ਰਹੀ ਤਵੱਜੋਂ ਦੀ ਸ਼ਲਾਘਾ ਕੀਤੀ ਹੈ ।

ਉਨ੍ਹਾਂ ਇੱਕ ਬਿਆਨ ਵਿੱਚ ਕਿਹਾ ਕਿ ਕਿੰਨਾ ਚੰਗਾ ਹੋਵੇ ਜੇਕਰ ਵੱਡੇ ਅਕਾਲੀ ਆਗੂਆਂ ਨੂੰ ਰਿਹਾ ਕਰ ਦਿੱਤਾ ਜਾਵੇ ਕਿਉਂ ਜੋ ਉਹੀਓ ਪਾਰਟੀ ਵੱਲੋਂ ਸਮਝੌਤੇ ਦੀ ਗੱਲਬਾਤ ਕਰ ਸਕਦੇ ਹਨ ।

ਸ੍ਰੀ ਉਬੋਕੇ ਨੇ ਕਿਹਾ ਕਿ ਪਿਛਲੇ ਕੁੱਝ ਮਹੀਨੇ ਪੰਜਾਬੀਆਂ ਲਈ ਅਤੇ ਖਾਸ ਕਰ ਬਾਹਰ ਰਹਿੰਦੇ ਸਿੱਖਾਂ ਲਈ ਬੜੇ ਹੀ ਦੁੱਖਦਾਈ ਸਨ ਅਤੇ ਉਨ੍ਹਾਂ ਦੀ ਸੁਰੱਖਿਆ ਵੱਲ ਕੇਂਦਰ ਤੇ ਸਬੰਧਤ ਰਾਜ ਸਰਕਾਰਾਂ ਨੂੰ ਉਚਿੱਤ ਧਿਆਨ ਦੇਣਾ ਚਾਹੀਦਾ ਹੈ ।

ਉਨ੍ਹਾਂ ਮੰਗ ਕੀਤੀ ਕਿ 'ਬਲਿਊ ਸਟਾਰ ਉਪਰੇਸ਼ਨ' ਸਮੇਂ ਅਤੇ ਉਸ ਤੋਂ ਬਾਅਦ ਫੜੇ ਗਏ ਨੌਜਵਾਨਾਂ ਨੂੰ ਵੀ ਰਿਹਾ ਕੀਤਾ ਜਾਵੇ ।

ਸਿੱਖ ਪਰਿਵਾਰਾਂ ਦੀ ਵਾਪਸੀ ਦੇ ਪ੍ਰਬੰਧ ਕਰਨ ਦਾ ਆਦੇਸ਼

ਨਵੀਂ ਦਿੱਲੀ - (ਪੀ. ਟੀ. ਆਈ.) ਕੇਂਦਰ ਸਰਕਾਰ ਨੇ ਉਤਰ ਪ੍ਰਦੇਸ਼, ਰਾਜਿਸਥਾਨ ਤੇ ਬਿਹਾਰ ਦੀਆਂ ਸਰਕਾਰਾਂ ਅਤੇ ਦਿੱਲੀ ਪ੍ਰਸ਼ਾਸ਼ਨ ਨੂੰ ਕਿਹਾ ਕਿ ਉਨ੍ਹਾਂ ਸਾਰੇ 2500 ਸਿੱਖ ਪਰਿਵਾਰਾਂ ਨੂੰ ਵਾਪਸ ਪਰਤਾਉਣ ਦੇ ਪ੍ਰਬੰਧ ਕਰਨ ਜਿਹੜੇ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਹੋਈ ਗੜਬੜ ਕਾਰਨ ਪੰਜਾਬ ਚਲੇ ਗਏ ।

ਕੇਂਦਰੀ ਗ੍ਰਹਿ ਮੰਤਰੀ ਐਸ. ਬੀ. ਚਵਾਨ ਨੇ ਇੱਕ ਮੀਟਿੰਗ ਵਿੱਚ ਇਨ੍ਹਾਂ ਰਾਜਾਂ ਦੇ ਮੁੱਖ ਮੰਤਰੀਆਂ ਤੇ ਦਿੱਲੀ ਦੇ ਉਪ ਰਾਜਪਾਲ ਨੂੰ ਇਹ ਆਦੇਸ਼ ਦਿੰਦਿਆਂ ਕਿਹਾ ਕਿ ਜਿੰਨ੍ਹਾਂ ਪਰਿਵਾਰਾਂ ਦਾ ਕਾਰੋਬਾਰ ਠੱਪ ਹੋ ਗਿਆ ਜਾਂ ਜਿੰਨ੍ਹਾਂ ਦੇ ਕਮਾਊ ਮੈਂਬਰ ਹਿੰਸਾ ਵਿੱਚ ਮੌਤ ਦਾ ਸ਼ਿਕਾਰ ਹੋ ਗਏ, ਉਨ੍ਹਾਂ ਦੇ ਪੁਨਰਵਾਸ ਲਈ ਫੌਰੀ ਕਾਰਗਰ ਪ੍ਰਬੰਧ ਕੀਤੇ ਜਾਣ ਤਾਂ ਜੋ ਇਨ੍ਹਾਂ ਪਰਿਵਾਰਾਂ ਦੇ ਮਨਾਂ ਵਿੱਚ ਸਰਕਾਰ ਪ੍ਰਤੀ ਵਿਸ਼ਵਾਸ ਪੈਦਾ ਹੋ ਸਕੇ ।

ਇੱਕ ਸਰਕਾਰੀ ਤਰਜਮਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜ ਸਰਕਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰਨ ।

ਤਰਜਮਾਨ ਨੇ ਆਸ ਪ੍ਰਗਟ ਕੀਤੀ ਕਿ ਰਾਜ ਸਰਕਾਰਾਂ ਵੱਲੋਂ ਸਿੱਖਾਂ ਦੀ ਸੁਰੱਖਿਆ ਤੇ ਪੁਨਰਵਾਸ ਲਈ ਕੀਤੇ ਗਏ ਉਪਰਾਲੇ ਸਿੱਖ ਪਰਿਵਾਰਾਂ ਨੂੰ ਸਬੰਧਤ ਰਾਜਾਂ ਵਿੱਚ ਪਰਤਣ ਲਈ ਪ੍ਰੇਰਨ ਵਾਸਤੇ ਸਹਾਇਕ ਸਾਬਤ ਹੋਣਗੇ ।

ਤਰਜਮਾਨ ਅਨੁਸਾਰ ਸਬੰਧਤ ਰਾਜਾਂ ਨੇ ਪਹਿਲਾਂ ਹੀ ਇਸ ਮਾਮਲੇ ਬਾਰੇ ਸਿੱਖਾਂ ਦੀਆਂ ਪ੍ਰਤੀਨਿਧ ਸੰਸਥਾਵਾਂ ਨਾਲ ਰਾਬਤਾ ਕਾਇਮ ਕੀਤਾ ਹੋਇਆ ਹੈ। ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਪੀੜਤ ਪਰਿਵਾਰਾਂ ਦੀ ਖੁਲ੍ਹ ਕੇ ਮਾਲੀ ਮੱਦਦ ਵੀ ਕਰਨਗੀਆਂ ।

ਤੇਲਗੂ ਦੇਸ਼ਮ ਲੋਕ ਸਭਾ 'ਚ ਵੱਧ ਜ਼ੁੰਮੇਵਾਰੀ ਨਾਲ ਕੰਮ ਕਰੇਗੀ - ਰਾਮਾ ਰਾਓ

ਹੈਦਰਾਬਾਦ - (ਪੀ. ਟੀ. ਆਈ.) ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਤੇਲਗੂ ਦੇਸ਼ਮ ਦੇ ਪ੍ਰਧਾਨ ਸ੍ਰੀ ਐਨ. ਟੀ. ਰਾਮਾ ਰਾਓ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਲੋਕ ਸਭਾ 'ਚ ਜ਼ਿੰਮੇਵਾਰ ਮੁੱਖ ਵਿਰੋਧੀ ਪਾਰਟੀ ਹੋਣ ਦੇ ਨਾਤੇ ਦੇਸ਼ ਦੀ ਇੱਕ ਮੁੱਠਤਾ ਦੀ ਰੱਖਿਆ ਤੇ ਕੌਮੀ ਸਦਭਾਵਨਾ ਦੀ ਬਹਾਲੀ ਲਈ ਡਟ ਕੇ ਕੰਮ ਕਰੇਗੀ ।

ਰਾਜ 'ਚ ਤੇਲਗੂ ਦੇਸ਼ਮ ਸਰਕਾਰ ਦੇ ਦੋ ਸਾਲ ਪੂਰੇ ਹੋਣ ਉਤੇ ਇੱਕ ਸੁਨੇਹੇ 'ਚ ਸ੍ਰੀ ਰਾਮਾ ਰਾਓ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨਵੇਂ ਤੇ ਮਜ਼ਬੂਤ ਭਾਰਤ ਦੀ ਉਸਾਰੀ ਲਈ ਕੌਮੀ ਨਵ-ਨਿਰਮਾਣ ਦਾ ਕੰਮ ਤੇਜ਼ ਕਰਨ ਦਾ ਵੀ ਯਤਨ ਕਰੇਗੀ । ਉਨ੍ਹਾਂ ਦੀ ਪਾਰਟੀ ਅਜਿਹੇ ਭਾਰਤ ਦੇ ਨਿਰਮਾਣ ਦਾ ਸੁਪਨਾ ਰੱਖਦੀ ਹੈ ਜਿਸ ਦੇ ਸੂਬੇ ਵੱਧ ਤੋਂ ਵੱਧ ਤਕੜੇ ਹੋਣ ਤੇ ਸਾਰੀਆਂ ਭਾਸ਼ਾਵਾਂ ਤੇ ਸੰਸਕ੍ਰਿਤੀਆਂ ਨੂੰ ਵਧਣ ਫੁੱਲਣ ਦਾ ਵੱਧ ਤੋਂ ਵੱਧ ਮੌਕਾ ਮਿਲੇ ।

ਤੇਲਗੂ ਦੇਸ਼ਮ ਨੇਤਾ ਨੇ ਕਿਹਾ ਕਿ ਤਾਜ਼ਾ ਲੋਕ ਸਭਾ ਚੋਣਾਂ 'ਚ ਉਨ੍ਹਾਂ ਦੀ ਪਾਰਟੀ ਦੀ ਜਿੱਤ ਤੇ ਇਹ ਗੱਲ ਹੋਰ ਪੱਕੀ ਹੋਈ ਹੈ ਕਿ ਲੋਕਾਂ ਦਾ ਖੁਦ ਉਨ੍ਹਾਂ ਦੀ ਸਰਕਾਰ, ਪਾਰਟੀ ਤੇ ਇਸ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ 'ਚ ਭਰੋਸਾ ਹੈ ।

ROYAL
new-used
FURNITURE

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਜਾਂ ਟ੍ਰੇਡ
ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph:
874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ


● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)



ਪਾਲ ਤੂਰ

ਕੈਨੇਡਾ ਦਰਪਣ

ਬੀ. ਸੀ. — 'ਅਮਲੀਆਂ, ਦਾ ਸੂਬਾ ਬਣ ਰਿਹਾ ਹੈ

ਪੁਲਸ ਅਨੁਸਾਰ ਕੈਨੇਡਾ ਵਿਚ ਬੀ. ਸੀ. ਵਿਚ ਸਭ ਤੋਂ ਵੱਧ 'ਅਮਲੀ' ਲੋਕ ਹਨ। ਇਕ ਰੀਪੋਰਟ ਅਨੁਸਾਰ ਸਮੁੱਚੇ ਕੈਨੇਡਾ ਵਿਚ ਹਰ ਸਾਲ ਪੌਣੇ ਤਿੰਨ ਬਿਲੀਅਨ ਡਾਲਰ ਦੀ ਭੰਗ ਆ ਕੇ ਵਿਕ ਰਹੀ ਹੈ। 1983 ਵਿਚ ਇਕੱਲੇ ਬੀ. ਸੀ. ਵਿਚ ਓਨੀ ਹੈਰੋਇਨ ਫੜੀ ਗਈ ਜਿੰਨੀ 1982 ਵਿਚ ਸਾਰੇ ਕੈਨੇਡਾ ਵਿਚ ਫੜੀ ਗਈ ਸੀ। ਵੈਨਕੂਵਰ ਵਿਚ ਸਾਰੇ ਦੇਸ਼ ਨਾਲੋਂ ਬਹੁਤੇ ਭੰਗ ਪੀਣ ਵਾਲੇ ਵਸਦੇ ਹਨ। ਨਸ਼ੀਲੀਆਂ ਚੀਜ਼ਾਂ ਵੇਚਣ ਦੇ ਧੰਦੇ ਸਾਰੀ ਜਥੇਬੰਦਕ ਬਦਮਾਸੀ ਦਾ 87 ਫੀ ਸਦੀ ਹਿਸਾ ਹਨ। 1983 ਵਿਚ ਨਸ਼ੀਲੀਆਂ ਵਸਤਾਂ ਦਾ ਵਪਾਰ ਸਾਢੇ ਨੌਂ ਬਿਲੀਅਨ ਡਾਲਰ ਦਾ ਦੱਸਿਆ ਜਾਂਦਾ ਹੈ।

ਪਿਛਲੇ ਸਾਲ ਵਿਚ ਅੰਕੜਿਆਂ ਅਨੁਸਾਰ ਨਸ਼ੀਲੀਆਂ ਵਸਤਾਂ ਦਾ ਧੰਦਾ 266 ਫੀ ਸਦੀ ਵਧਿਆ ਹੈ।

ਪੁਲਸ ਨੇ 1983 ਵਿਚ 30 ਕਿਲੋ ਤੋਂ ਵੱਧ ਹੈਰੋਇਨ ਫੜੀ ਜਦ ਕਿ 1982 ਵਿਚ 8 ਕਿਲੋ ਦੇ ਕਰੀਬ ਫੜੀ ਗਈ ਸੀ ਦੂਸਰੇ ਮੁਲਕਾਂ ਵਿਚ 22 ਕਿਲੋ ਹੈਰੋਇਲ ਫੜੀ ਗਈ ਜੋ ਕੈਨੇਡਾ ਵੱਲ ਭੇਜੀ ਜਾ ਰਹੀ ਸੀ।

ਪੁਲਸ ਅਨੁਸਾਰ ਬੀ. ਸੀ. ਵਿਚ 5700 ਅਜਿਹੇ ਵਿਅਕਤੀ ਜੋ ਹੈਰੋਇਨ ਦੇ ਪੱਕੇ ਆਦੀ ਹਨ ਅਤੇ ਇਨ੍ਹਾਂ ਵਿਚੋਂ ਅੱਧੇ ਇਕੱਲੇ ਲੋਅਰ ਮੇਨਲੈਂਡ ਵਿਚ ਹਨ

ਹੈਰਾਨੀ ਜਨਕ ਪ੍ਰਗਟਾਵਾ ਇਹ ਕੀਤਾ ਗਿਆ ਹੈ ਕਿ ਇਕ ਪੱਕੇ ਅਮਲੀ ਦਾ ਖਰਚ 350 ਡਾਲਰ ਇਕ ਦਿਨ ਦਾ ਹੈ। ਇਹ ਲੋਕ ਏਨਾ ਪੈਸਾ ਘਰਾਂ ਵਿਚ ਚੋਰੀ ਕਰਕੇ, ਦੁਕਾਨਾਂ ਚੋਂ ਚੀਜ਼ਾਂ ਉਠਾ ਕੇ ਜਾਂ ਕਾਰਾਂ ਦੀ ਚੋਰੀ ਕਰਕੇ ਪੂਰਾ ਕਰਦੇ ਹਨ।

ਟਰਾਂਟੋ ਅਤੇ ਮਾਂਟਰੀਆਲ ਅਤੇ ਵੈਨਕੂਵਰ ਵਿਚ ਸਭ ਤੋਂ ਵੱਧ ਨਸ਼ੀਲੀਆਂ ਵਸਤਾਂ ਦਾ ਧੰਦਾ ਚਲਦਾ ਹੈ - ਜਿਸ ਵਿਚ ਪੁਲਸ ਅਨੁਸਾਰ ਚੀਨੇ,ਈਟੇਲੀਅਨ ਅਤੇ ਚੈਕੋਸਲਵਾਕੀਅਨ ਸੰਸਥਾਵਾਂ ਦੇ ਗ੍ਰਹਿ ਸ਼ਾਮਲ ਹਨ। ਇਨ੍ਹਾਂ ਦੀਆਂ ਜਥੇਬੰਦੀਆਂ ਦੀ ਤਨਜ਼ੀਮ ਵਿਚ ਕਰੋੜਾਂ ਡਾਲਰਾਂ ਦਾ ਵਪਾਰ ਚਲਦਾ ਹੈ।

ਕੈਨੇਡਾ ਵਿਚ ਹੈਰੋਇਨ ਥਾਈਲੈਂਡ, ਬਰਮਾ ਅਤੇ ਲਾਓਸ (ਸੁਨਹਿਰੀ ਤਿਕੋਨ) ਰਾਹੀਂ ਪਹੁੰਚਦੀ ਹੈ ਇਨ੍ਹਾਂ ਦੇਸ਼ਾਂ ਤੋਂ ਪਹਿਲਾਂ ਪਾਕਿਸਤਾਨ, ਅਫਗਾਨਿਸਤਾਲ ਅਤੇ ਈਰਾਨ ਦੀ ਝੰਡੀ ਸੀ ਜਿਨ੍ਹਾਂ ਰਾਹੀਂ ਹੈਰੋਇਨ ਏਥੇ ਪਹੁੰਚਦੀ ਹੈ।

ਪੁਲਸ ਅੰਦਾਜ਼ੇ ਅਨੁਸਾਰ 1983 ਵਿਚ ਥਾਈਲੈਂਡ, ਬਰਮਾ ਅਤੇ ਲਾਓਸ ਵਿਚ 560 ਤੋਂ 675 ਟਨ ਅਫ਼ੀਮ ਪੈਦਾ ਕੀਤੀ ਗਈ।

ਖਾਲਸਤਾਨੀ ਪਰਚਾਰ ਕਾਂਗਰਸ ਲਈ ਨਿਆਮਤ

ਇਕਬਾਲ ਰਾਮੂਵਾਲੀਆ

ਜੂਨ 1984 ਦੇ, ਦਰਬਾਰ ਸਹਿਬ ਵਾਪਰੇ ਫੌਜੀ ਹਮਲੇ ਤੋਂ ਬਾਦ, ਕੈਨੇਡਾ ਅਮਰੀਕਾ ਅਤੇ ਬਰਤਾਨੀਆਂ ਵਿਚ ਖਾਲਸਤਾਨ ਦੇ ਪਰਚਾਰ ਵਿਚ ਭਾਰੀ ਹਰਕਤ ਆਈ ਹੈ। ਅੱਤ ਮੁਸੀਬਤ ਦੀ ਇਸ ਘੜੀ ਵਿਚ, ਠਰੰਮੇ ਅਤੇ ਦੂਰ-ਅੰਦੇਸ਼ੀ ਨਾਲ ਸੋਚਣ ਦੀ ਥਾਂ, ਖੁੰਬਾਂ ਵਾਂਗ ਉੱਗੇ ਲੀਡਰ ਨਫਰਤ ਅਤੇ ਜਨੂੰਨ ਦੇ ਪਰਚਾਰ ਵਿਚ ਇਕ ਦੂਜੇ ਨੂੰ ਪਛਾੜਨ ਦੀ ਦੌੜ ਵਿਚ ਸਰਗਰਮ ਹਨ। ਆਪਦੇ ਜਾਣੀ ਤਾਂ ਇਹ ਲੋਕ ਭਾਰਤ ਸਰਕਾਰ ਲਈ ਮੁਸੀਬਤਾਂ ਅਤੇ ਸਿੱਖਾਂ ਲਈ ਫਾਇਦੇ ਪੈਦਾ ਕਰ ਰਹੇ ਹਨ ਪਰ ਅਸਲ ਵਿਚ ਖਾਲਸਤਾਨ ਦਾ ਪਰਚਾਰ ਸਿੱਖਾਂ ਲਈ ਤਬਾਹੀ ਅਤੇ ਕਾਂਗਰਸ ਲਈ ਨਿਆਮਤ ਸਾਬਤ ਹੋ ਰਿਹਾ ਹੈ।

ਏਸ ਗੱਲ ਵਿਚ ਰਤਾ ਵੀ ਸ਼ੱਕ ਨਹੀਂ ਕਿ ਕਾਂਗਰਸ, ਧਰਮ ਨਿਰਪੱਖਤਾ ਦੇ ਬੁਰਕੇ ਹੇਠ, ਭਾਰਤ ਦੀ ਜਨਤਾ ਨੂੰ ਧਰਮਾਂ, ਫਿਰਕਿਆਂ, ਇਲਾਕਿਆਂ ਤੇ ਬੋਲੀਆਂ ਦੇ ਝਗੜਿਆਂ ਵਿਚ ਪਾਕੇ ਭਾਰਤ ਦੀ ਰਾਜਸੀ ਸ਼ਕਤੀ ਉਤੇ ਕਾਬਜ਼ ਹੁੰਦੀ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਇੰਦਰਾ ਗਾਂਧੀ ਇਹ ਸਮਝ ਗਈ ਸੀ ਕਿ ਭਾਰਤ ਦੀ ਬਹੁਤੀ ਵਸੋਂ ਹਿੰਦੂ ਤੇ ਹਰੀਜਨ ਹਨ। ਇੰਦਰਾ ਦਾ ਵੋਟਾਂ ਖਿਚਣ ਦਾ ਵਧੀਆ ਤਰੀਕਾ ਇਹ ਸੀ ਕਿ ਹਿੰਦੂਆਂ ਤੇ ਹਰੀਜਨਾਂ ਨੂੰ ਇਹ ਭੁਲੇਖਾ ਦਿਤਾ ਜਾਵੇ ਕਿ ਉਨ੍ਹਾਂ ਦੀ ਹੋਂਦ ਖਤਰੇ ਵਿਚ ਹੈ ਤੇ ਇਸ ਖਤਰੇ ਤੋਂ ਉਹਨਾਂ ਨੂੰ ਕੇਵਲ ਕਾਂਗਰਸ ਹੀ ਬਚਾ ਸਕਦੀ ਹੈ। ਇਸ ਘਟੀਆ ਨੀਤੀ ਹੇਠ, ਉਸਨੇ ਅਜੇਹੇ ਹਾਲਾਤ ਪੈਦਾ ਹੋਣ ਨੂੰ ਉਤਸ਼ਾਹ ਦਿਤਾ ਜਿਨ੍ਹਾਂ ਵਿਚ ਦੂਸਰੀਆਂ ਘੱਟ ਗਿਣਤੀਆਂ, ਹਿੰਦੂਆਂ, ਅਤੇ ਹਰੀਜਨਾਂ ਵਿਚ ਵਿਰੋਧ ਵਧੇ। ਪੰਜਾਬ ਅਤੇ ਕਸ਼ਮੀਰ ਦੋ ਬਹੁਤ ਹੀ ਮਹੱਤਵ ਵਾਲੇ ਸਰਹੱਦੀ ਸੂਬੇ ਹਨ। ਇਨ੍ਹਾਂ ਦੋਹਾਂ ਸੂਬਿਆਂ ਵਿਚ ਗੜਬੜ ਅਤੇ ਤਣਾਓ ਪੈਦਾ ਕਰਕੇ, ਇੰਦਰਾ ਗਾਂਧੀ ਬਾਕੀ ਮੁਲਕ ਨੂੰ ਇਹ ਦਿਖਾਉਣਾ ਚਹੁੰਦੀ ਸੀ ਕਿ ਇਹ ਦੋਵੇਂ ਸੂਬੇ ਮੁਲਕ ਦੇ ਟੁਕੜੇ ਕਰਨਾ ਚਹੁੰਦੇ ਹਨ। ਉਹ ਵਖਵਾਦ ਦੇ ਆਸਰੇ ਵੋਟਾਂ ਪ੍ਰਾਪਤ ਕਰਦੀ ਰਹੀ।

ਪਰ ਬਦਕਿਸਮਤੀ ਨਾਲ ਸਿੱਖ ਜਨਤਾ ਇੰਦਰਾ ਦੀ ਇਸ ਸ਼ਰਾਰਤੀ ਨੀਤੀ ਨੂੰ ਸਮਝ ਨਾਂ ਸਕੀ। ਇੰਦਰਾ ਚਾਹੁੰਦੀ ਸੀ ਕਿ ਪੰਜਾਬ ਦੇ ਹਿੰਦੂਆਂ ਉਤੇ ਖੌਫ਼ ਦੀ ਤਲਵਾਰ ਲਟਕਦੀ ਰਹੇ ਤੇ ਉਹ ਇੰਦਰਾ ਨੂੰ ਆਪਣੀ ਦੇਵੀ ਸਮਝਣ। ਇਝ ਹਿੰਦੂਆਂ ਅਤੇ ਸਿਖਾਂ ਵਿਚ ਪਾੜਾ ਪਾਉਣ ਵਾਲੀਆਂ ਸਭ ਸ਼ਕਤੀਆਂ ਇੰਦਰਾ ਨੂੰ ਵਾਰਾ ਖਾਂਦੀਆ ਸਨ। ਇਸੇ ਲਈ ਉਸਨੇ ਬਾਰ ਬਾਰ ਇਹੀ ਕਿਹਾ ਕਿ ਦਰਬਾਰ ਸਾਹਿਬ ਉਤੇ ਹਮਲਾ ਨਹੀਂ ਹੋਵੇਗਾ ਤਾਂ ਕਿ ਦਰਬਾਰ ਸਾਹਿਬ ਵਿਚ ਹਥਿਆਰ ਜ਼ਮਾਂ ਹੋਈ ਜਾਣ। ਅਸਲ ਵਿਚ ਹਥਿਆਰਾਂ ਦੀ ਆਵਾਜਾਈ ਵਿਚ ਵੀ ਉਸ ਦੀ ਪਾਰਟੀ ਅਤੇ ਸਰਕਾਰ ਅੰਦਰੋਂ ਅੰਦਰੀ ਪਰਸੰਨ ਸੀ। ਪੰਜਾਬ ਹਰਿਆਣੇ ਵਿਚ ਹਿੰਦੂਆਂ ਸਿੱਖਾਂ ਦੇ ਸਿਖਾਂ ਦੇ ਇਕ ਦੂਜੇ ਜ਼ਿੰਮੇ ਲੱਗੇ ਕਤਲ ਇੰਦਰਾ ਲਈ ਨਿਆਮਤ ਸਨ। ਇਹ ਤਾਂ ਕਤਲ ਕਰਨ ਵਾਲੇ ਹੀ ਜਾਣਦੇ ਹਨ ਕਿ ਕੌਣ ਸਨ, ਪਰ ਉਹਨਾਂ ਕਤਲਾਂ ਨੇ ਸਿਖਾਂ ਦਾ ਸੰਵਾਰਿਆ ਕੱਖ ਵੀ ਨਹੀਂ ਤੇ ਵਿਗਾੜਿਆ ਏਨਾ ਹੈ ਕਿ ਔਣ ਵਾਲੀਆਂ ਕਈ ਨਸਲਾਂ ਵੀ ਇਸ ਨੁਕਸਾਨ ਨੂੰ ਪੂਰਾ ਨਹੀਂ ਕਰ ਸਕਣਗੀਆਂ। ਇਨ੍ਹਾਂ ਕਤਲਾਂ ਨੇ ਇੰਦਰਾ ਨੂੰ ਇਹ ਪਰਚਾਰ ਕਰਨ ਦਾ ਮੌਕਾ ਦਿਤਾ ਕਿ ਸਿਖ ਕਾਤਲ ਹਨ ਤੇ ਹਿੰਦੂਆਂ ਦੇ ਵੈਰੀ। ਸਿਖ ਲੀਡਰਾਂ ਨੇ ਇਸ ਹਕੀਕਤ ਨੂੰ ਬੁਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਕਿ ਸਿਖਾਂ ਦੀ ਛੋਟੀ ਜਿਹੀ ਗਿਣਤੀ ਭਾਰਤ ਭਰ ਵਿਚ ਖਿਡਰੀ ਹੋਈ ਹੈ ਤੇ ਸਿਖਾਂ ਜ਼ਿੰਮੇਂ ਲਗਦੇ ਹਿੰਦੂਆਂ ਦੇ ਕਤਲ ਸਿਖਾਂ ਲਈ ਮੁਸੀਬਤਾਂ ਖੜੀਆਂ ਕਰ ਸਕਦੇ ਹਨ। ਸਿਖ ਲੀਡਰਾਂ ਨੇ ਕਤਲਾਂ ਦਾ ਜ਼ੋਰਦਾਰ ਖੰਡਨ ਨਾਂ ਕਰਕੇ ਘੋਰ ਬੁਜ਼ਦਿਲੀ ਅਤੇ ਗੈਰ ਜੁਮੇਵਾਰੀ ਦਾ ਵਿਖਾਵਾ ਕੀਤਾ ਤੇ ਅਸਿਧੇ ਤੌਰ ਤੇ ਇੰਦਰਾ ਦੀ ਕਪਟੀ ਨੀਤੀ ਨੂੰ ਸਫਲ ਕੀਤਾ। ਇੰਦਰਾ ਸਾਰੇ ਦੇਸ਼ ਵਿਚ ਇਹ ਸਾਬਤ ਕਰਨ ਵਿਚ ਕਾਮਯਾਬ ਹੋ ਗਈ ਕਿ ਸਿਖ ਕਾਤਲ ਹਨ ਤੇ ਸਰਗਰਮੀਆਂ ਦਰਬਾਰ ਸਾਹਿਬ ਚੋਂ ਚਲਾਉਂਦੇ ਹਨ। ਦਰਬਾਰ ਸਾਹਿਬ ਉਪਰ ਹਮਲੇ ਲਈ ਇਹ ਠੋਸ ਬਹਾਨਾ ਸੀ। ਸਿਖਾਂ ਨੇ ਕੀ ਖੱਟਿਆ? ਹਰਿਮੰਦਰ ਦੀ ਬੇਅਦਬੀ, ਅਕਾਲ ਤਖਤ ਦੀ ਬਰਬਾਦੀ, ਹਜਾਰਾਂ ਸਿਖਾਂ ਦੀਆਂ ਜਾਨਾਂ, ਸੰਸਾਰ ਭਰਦੇ ਸਿਖਾਂ ਲਈ ਜ਼ਲਾਲਤ, ਪੰਜਾਬ ਤੋਂ ਬਾਹਰਲੇ ਸਿਖਾਂ ਲਈ ਮੁਸੀਬਤਾਂ।

ਹੁਣ ਲਓ ਖਾਲਸਤਾਨ ਦੇ ਧੂੰਆਂਧਾਰ ਪਰਚਾਰ ਦੀ ਗੱਲ! ਇਸ ਪਰਚਾਰ ਦਾ ਬਦੇਸ਼ੀ ਸਿਖਾਂ ਨੂੰ ਫੌਰੀ 'ਲਾਭ' ਇਹ ਹੋਇਆ ਹੈ ਭਾਰਤੀ ਸਰਕਾਰ ਨੇ ਵੀਜ਼ਾ ਠੋਕਕੇ ਕੁਰਪਟ ਅਫਸਰੀ ਸਿਸਟਮ ਦੀ ਚਾਂਦੀ ਕਰ ਦਿਤੀ ਅਤੇ ਸਾਡੇ ਲਈ ਮੁਸੀਬਤਾਂ। ਦੂਸਰੇ ਪਾਸੇ ਖਾਲਸਤਾਨੀ ਪਰਚਾਰ ਦੇ ਇੰਦਰਾ ਦੇ ਬੇਟੇ ਰਜੀਵ ਲਈ 80 ਫੀ ਸਦੀ ਸੀਟਾਂ ਦਾ ਨਵੇਂ ਸਾਲ ਦਾ ਤੋਹਫਾ ਭੇਟ ਕਰ ਦਿਤਾ ਹੈ। ਰਜੀਵ ਏਡੀ ਭਾਰੀ ਗਿਣਤੀ ਵਿਚ ਸੀਟਾਂ ਇਸ ਲਈ ਲੈ ਕੇ ਗਿਆ ਹੈ ਕਿਉਂਕਿ ਉਸਨੇ ਖਾਲਸਤਾਨ ਨੂੰ ਆਪਣੇ ਪਰਚਾਰ ਦਾ ਧੁਰਾ ਬਣਾਇਆ। ਉਸ ਦਾ ਮੁੱਖ ਪਰਚਾਰ ਇਹ ਸੀ ਕਿ ਸਿਖ ਭਾਰਤ ਦੇ ਟੁਕੜੇ ਕਰਨਾ ਚਾਹੁੰਦੇ ਹਨ। ਨਤੀਜਾ ਇਹ ਹੋਇਆ ਕਿ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਅਤੇ ਕੁਰੱਪਸ਼ਨ ਦੀ ਜਨਮ ਦਾਤੀ ਕਾਂਗਰਸ ਪਾਰਟੀ ਠੋਸ ਬਹੁਮੱਤ ਲੈ ਕੇ ਭਾਰਤ ਉਤੇ ਫਿਰ ਕਾਬਜ਼ ਹੈ।

ਕੱਟੜਤਾ, ਜਨੂੰਨ, ਅਤੇ ਖਾਲਸਤਾਨ ਦਾ ਪਰਚਾਰ ਕਰਨ ਵਾਲੇ ਵੀਰ ਹਰ ਉਸ ਵਿਅਕਤੀ ਨੂੰ ਗੱਦਾਰ ਤੇ ਏਜੰਟ ਦਸਦੇ ਹਨ। ਜੋ ਹੋਸ਼ ਅਤੇ ਦਲੀਲ ਦੀ ਗੱਲ ਕਰਦਾ ਹੈ। ਪਰ ਹੁਣ ਪਾਠਕ ਹੀ ਸੋਚਣ ਕਿ ਖਾਲਸਤਾਨ ਦੇ ਪਰਚਾਰ ਨਾਲ ਜੇ ਰਜੀਵ ਦੀ ਗੱਦੀ ਪੱਕੀ ਹੋ ਗਈ ਹੈ ਤੇ ਸਿਖਾ ਦਾ ਬੇਹਿਸਾਬ ਨੁਕਸਾਨ ਹੋ ਰਿਹਾ ਹੈ ਤਾਂ ਖਾਲਸਤਾਨੀ ਤੇ ਜਨੂਨੀ ਲੋਕ ਕਾਂਗਰਸ ਦੇ ਮਿਤਰ ਸਾਬਤ ਹੋਏ ਕਿ ਦੁਸ਼ਮਣ?

ਬੀ. ਸੀ. ਹਾਈਡਰੋ ਦਾ ਪ੍ਰਧਾਨ ਅਸਤੀਫ਼ਾ ਦੇ ਗਿਆ

ਵੈਨਕੂਵਰ: ਬੀ. ਸੀ. ਦਾ ਪ੍ਰਧਾਨ ਰੌਬਰਟ ਬੋਨਰ ਆਪਣਾ ਅਸਤੀਫਾ ਦੇ ਗਿਆ ਹੈ। ਅਸਤੀਫ਼ਾ ਪ੍ਰੀਮੀਅਰ ਬਿਲ ਬੈਨਿਟ ਵਲੋਂ ਮਨਜ਼ੂਰ ਕਰਕੇ ਆਰਜ਼ੀ ਪ੍ਰਧਾਨ ਮਿ: ਜੌਹਨਸਨ ਨੂੰ ਬਣਾ ਦਿਤਾ ਗਿਆ ਹੈ। ਰੌਬਰਟ ਬੋਨਰ ਨੂੰ ਇਹ ਅਸਤੀਫ਼ਾ ਬੈਂਕਾਂ ਤੋਂ ਜ਼ਾਤੀ ਕਰਜ਼ੇ ਲੈ ਕੇ ਅਦਾ ਨਾਂ ਕਰਨ ਕਾਰਨ ਦੇਣਾ ਪਿਆ।

ਖਬਰ ਅਨੁਸਾਰ ਰੌਬਰਟ ਬੋਨਰ ਨੇ ਬੈਂਕ ਆਫ਼ ਬ੍ਰਿਟਿਸ਼ ਕੋਲੰਬੀਆ ਤੋਂ ਇਕ ਮਿਲੀਅਨ ਤੋਂ ਵੱਧ ਡਾਲਰ ਦਾ ਕਰਜ਼ਾ ਲਿਆ ਸੀ ਜੋ ਉਹ ਵਾਪਸ ਨਹੀਂ ਕਰ ਸਕਿਆ। ਇਸੇ ਤਰ੍ਹਾਂ ਬੈਂਕ ਆਫ਼ ਮੌਂਟਰੀਆਲ ਦਾ ਕਰਜ਼ਾ ਬਾਕੀ ਹੈ।

ਬੋਨਰ 64 ਸਾਲ ਦੇ ਹਨ ਅਤੇ ਬੀ. ਸੀ. ਹਾਈਡਰੋ ਦੇ ਪ੍ਰਧਾਨ ਬਣਨ ਤੋਂ ਪਹਿਲਾਂ ਸੋਸ਼ਲ ਕਰੈਡਿਟ ਸਰਕਾਰ ਵਿਚ ਅਟੱਰਨੀ ਜਨਰਲ ਰਹਿ ਚੁਕੇ ਹਨ।

ਪੰਜਾਬੀ ਲੇਖਿਕ ਸਭਾ ਸਰ੍ਹੀ ਦੀ ਸਥਾਪਨਾ

12 ਜਨਵਰੀ 1985 ਨੂੰ ਸਰ੍ਹੀ ਏਰੀਏ ਦੇ ਲੇਖਿਕਾਂ ਦੀ ਇਕ ਮੀਟਿੰਗ ਮਨਜੀਤ 'ਮੀਤ' ਦੀ ਪ੍ਰਧਾਨਗੀ ਹੇਠ ਹੋਈ। ਇਸ ਵਿੱਚ ਮਨਜੀਤ 'ਮੀਤ' ਹਰਭਜਨ 'ਹਾਂਸ,' ਇਕਬਾਲ 'ਕਾਹਲੋਂ' ਹਰਕੇਵਲ 'ਧਾਲੀਵਾਲ' ਅਤੇ ਸੂਫੀ ਅਮਰਜੀਤ ਤੋਂ ਸ਼ਾਮਲ ਹੋਏ। ਕੁਝ ਹੋਰ ਲੇਖਿਕਾਂ ਨਾਲ ਸੰਪਰਕ ਨਹੀਂ ਹੋ ਸਕਿਆ, ਜੋ ਆਸ ਕੀਤੀ ਜਾਂਦੀ ਹੈ ਕਿ ਆਉਂਦੀਆਂ ਮੀਟਿੰਗਾਂ ਵਿਚ ਸ਼ਾਮਲ ਹੋ ਸਕਣਗੇ। ਹੇਠ ਲਿਖੇ ਫੈਸਲੇ ਸਰਬਸੰਮਤੀ ਨਾਲ ਲਏ ਗਏ।

1 ਸਭਾ ਦੀ ਸਥਾਪਨਾ 'ਪੰਜਾਬੀ ਲੇਖਕ ਮੰਚ ਵੈਨਕੂਵਰ' ਦੇ ਮੈਂਬਰਾਂ ਦੀ ਸਹਿਮਤੀ ਨਾਲ ਕੀਤੀ ਗਈ ਹੈ। ਕਿਉਂਕਿ ਵੈਨਕੂਵਰ ਦੀਆਂ ਮੀਟਿੰਗਾਂ ਵਿਚ ਬਹੁਤੀ ਬਾਰ ਏਧਰਲੇ ਮੈਂਬਰ ਸਮੇਂ ਅਤੇ ਦੂਰੀ ਦੇ ਕਾਰਨ ਹਾਜ਼ਰ ਨਹੀਂ ਹੋ ਸਕਦੇ ਸੀ। ਪ੍ਰੰਤੂ ਦੋਵਾਂ ਸਭਾਵਾਂ ਦੀਆਂ ਮੀਟਿੰਗਾਂ ਵਿੱਚ ਮੈਂਬਰਾਂ ਨੂੰ ਸ਼ਾਮਲ ਹੋਣ ਦੀ ਖੁਲ੍ਹ ਹੈ

2 ਸਭਾ ਦਾ ਨਾਂ 'ਪੰਜਾਬੀ ਲੇਖਿਕ ਸਭਾ ਸਰ੍ਹੀ' ਬੀ. ਸੀ. ਹੋਵੇਗਾ।

3 ਸਭਾ ਦੇ ਉਦੇਸ਼ ਅਤੇ ਆਸ਼ੇ 'ਪੰਜਾਬੀ ਲੇਖਿਕ ਮੰਚ ਵੈਨਕੂਵਰ ਵਾਲੇ ਹੀ ਹੋਣਗੇ।

4 ਸਭਾ ਦੀ ਮੀਟਿੰਗ ਮਹੀਨੇ ਵਿਚ ਇਕ ਬਾਰ ਜ਼ਰੂਰ ਹੋਵੇਗੀ। ਜੋ ਆਮ ਕਰਕੇ ਮਹੀਨੇ ਦੇ ਦੂਜੇ ਹਫਤੇ ਦੇ ਸ਼ਨਿਜਰਵਾਰ ਜਾਂ ਐਤਵਾਰ ਨੂੰ ਹੋਵੇਗੀ।

5 ਸਭਾ ਦੇ ਕਨਵੀਨਰ ਦੇ ਫਰਜ਼ ਸੂਫੀ ਅਮਰਜੀਤ ਨਿਭਾਉਣਗੇ।

6 ਜੋ ਲੇਖਿਕ ਸਭਾ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ ਉਹ ਕਨਵੀਨਰ ਨੂੰ ਫੂਨ ਕਰਕੇ ਲੋੜੀਂਦੀ ਜਾਣਕਾਰੀ ਲੈ ਸਕਦੇ ਹਨ।

ਮੀਟਿੰਗ ਵਿਚ ਹੁਣ ਦੀ ਹਾਲਾਤ ਉਪਰ ਵਿਚਾਰ ਕੀਤੀ ਗਈ। ਮਨਜੀਤ ਮੀਤ ਨੇ ਤਿੰਨ ਕਵਿਤਾਵਾਂ ਪੜ੍ਹੀਆਂ। ਸੂਫੀ ਅਮਰਜੀਤ ਨੇ ਸਿਰਜਨਾ ਤ੍ਰੈਮਾਸਕ ਦਾ ਸੰਪਾਦਕੀ ਪੜ੍ਹਿਆ।

ਕਨਵੀਨਰ
'ਸੂਫੀ' ਅਮਰਜੀਤ (581-7811)

ਅਸੀਂ ਗੁਆਚੀਆਂ ਮੁਹੱਬਤਾਂ ਨੂੰ ਭਾਲਦੇ ਰਹੇ।
ਇੰਝ ਨੇਰਿਆਂ 'ਚ ਦੀਵਿਆਂ ਨੂੰ ਬਾਲਦੇ ਰਹੇ।

ਐਡਵਰਟਾਇਜ਼ਮਿੰਟ ਲਈ
ਫੋਨ ਕਰੋ -
ਭੁਵਖੰਡਨ 324-4381

JOHAL'S COLLISION Ltd.



- ਪੂਰੀ ਬਾਡੀ ਦਾ ਕੰਮ
- ਮਾਡਰਨ ਫਰੇਮਾਂ ਦੀ ਮੁਰੰਮਤ
- ਕਾਰ ਵਿਚ ਸ਼ੀਸ਼ੇ ਲਾਉਣੇ
- ਮਾਡਰਨ ਕੁਆਲਿਟੀ ਪੇਂਟਿੰਗ
- ICBC ਦੇ ਕਲੇਮ ਜਲਦੀ ਹੈਂਡਲ
- ਮੁਫਤ ਐਸਟੀਮੇਟ
- ਪ੍ਰਾਈਵੇਟ ਕਲੇਮ ....ਵਾਜਬ ਰੇਟਾਂ ਤੇ
- ਮੁਫਤ ਕਾਰ ਟੋਅ ਕਰਨੀ

I.C.B.C. Claims 50% OFF

ALL TYPES OF BODY REPAIRS — FREE ESTIMATES —

ALL WORK CONDITIONALLY GUARANTEED

• CARS
• TRUCKS

Bhagwant Johal
12051 - 86th Ave. SURREY
Ph. 591-8151

ਆਪਣੇ ਵਿਉਪਾਰ ਵਿੱਚ ਵਾਧਾ
ਕਰਨ ਲਈ ਅਤੇ
ਐਡਵਰਟਾਇਜ਼ਮਿੰਟ ਦੇਣ ਲਈ
ਮਿਲੋ ਜਾਂ ਫੂਨ ਕਰੋ
ਭਵਖੰਡਨ 324-4381

PARVEEN
ACCOUNTING SERVICES

ਹਰ ਤਰ੍ਹਾਂ ਦੇ ਵਿਉਪਾਰ ਜਾਂ ਅਕਾਊਂਟਿੰਗ ਲਈ, ਹਰ ਤਰ੍ਹਾਂ ਦੇ ਹਿਸਾਬ ਕਿਤਾਬ ਰੱਖਣ ਲਈ (Book-keeping) ਤੇ ਇਨਕਮ ਟੈਕਸ ਦੇ ਫਾਰਮ ਭਰਵਾਉਣ ਲਈ ਯਾਦ ਰੱਖੋ।

Parveen Adrakar

ਬੇਸਿਕ ਚਾਰਜ $10.00
.. ਘੱਟ ਕੀਮਤ ਤੇ ਵਧੀਆ ਕੰਮ
324-1191
7277 Main Street, (57th Ave.) Vancouver

ਪੰਜਾਬ ਦਰਪਣ

ਸਾੜ ਫੂਕ ਤੇ ਹਮਲਿਆਂ ਦੇ ਕੇਸ 'ਚ 31 ਬੰਦੇ ਸੈਸ਼ਨ ਸਪੁਰਦ

ਪਟਿਆਲਾ - (ਨਿੱਜੀ ਪੱਤਰ ਪ੍ਰੇਰਕ) ਐਡੀਸ਼ਨਲ ਚੀਫ ਜੁਡੀਸ਼ਲ ਮੈਜਿਸਟਰੇਟ ਸ੍ਰੀ ਜੇ. ਪੀ. ਗੁਪਤਾ ਨੇ ਉਨ੍ਹਾਂ 31 ਕਥਿਤ ਦੋਸ਼ੀਆਂ ਨੂੰ ਸੈਸ਼ਨ ਅਦਾਲਤਾਂ ਦੇ ਸਪੁਰਦ ਕੀਤਾ ਹੈ ਜਿਨ੍ਹਾਂ ਵਿਰੁੱਧ 2 ਮਈ 1983 ਨੂੰ ਸ਼ਹਿਰ ਵਿੱਚ ਸਾੜ ਫੂਕ ਅਤੇ ਹਮਲੇ ਆਦਿ ਕਰਨ ਦੇ ਦੋਸ਼ ਹਨ। ਇਨ੍ਹਾਂ ਵਿਅਕਤੀਆਂ ਵਿੱਚ ਪੰਜਾਬ ਹਿੰਦੂ ਸੁਰੱਖਿਆ ਸੰਮਤੀ ਦੇ ਪ੍ਰਧਾਨ ਸ੍ਰੀ ਪਵਨ ਕੁਮਾਰ ਸ਼ਰਮਾ, ਜ਼ਿਲਾ ਪ੍ਰਧਾਨ ਸ੍ਰੀ ਦੀਪ ਚੰਦ ਗੁਪਤਾ, ਇੰਦਰਾ ਕਾਂਗਰਸ ਦੇ ਆਗੂ ਕੈਲਾਸ਼ ਟੰਡਨ, ਨਗਰ ਪਾਲਿਕਾ ਮੈਂਬਰ ਸ੍ਰੀ ਰਾਜ ਕੁਮਾਰ ਘੋਲੀ, ਜਸਪਾਲ ਨਾਨੀ, ਸੰਮਤੀ ਆਗੂ ਪਵਨ ਕੁਮਾਰ ਉਰਫ ਪੌਣੀ, ਪ੍ਰਸ਼ੋਤਮ ਲਾਲ, ਉਪੰਦਰ ਕੁਮਾਰ, ਮਦਨ ਲਾਲ, ਸ਼ੰਭੂ ਪ੍ਰਸ਼ਾਦ ਤੇ ਉਨ੍ਹਾਂ ਦੇ 20 ਹੋਰ ਸਾਥੀ ਸ਼ਾਮਲ ਹਨ। ਇਨ੍ਹਾਂ ਸਾਰਿਆਂ ਵਿਰੁੱਧ ਪੁਲੀਸ ਨੇ ਐਫ. ਆਈ. ਆਰ. 213 ਅਧੀਨ 2 ਮਈ 1983 ਨੂੰ ਭਾਰਤੀ ਦੰਡ ਵਿਧਾਨ ਦੀ ਧਾਰਾ 307, 427 ਅਤੇ 436 ਅਧੀਨ ਕੇਸ ਦਰਜ ਕੀਤਾ ਸੀ।

ਫਾਜ਼ਿਲ ਜੱਜ ਨੇ ਅਫੀਮ ਦੀ ਸਮਗਲਿੰਗ ਦੇ ਦੋਸ਼ ਹੇਠਾਂ ਗੂਹਲਾ ਚੀਕਾ (ਹਰਿਆਣਾ) ਦੇ ਵਾਸੀ ਲੀਲਾ ਨੂੰ ਇਕ ਸਾਲ ਦੀ ਸਖਤ ਕੈਦ ਤੇ ਗੁਲਜ਼ਾਰ ਉਰਫ ਵਲੈਤੀ ਨੂੰ ਚਰਸ ਅਤੇ ਅਫੀਮ ਦੀ ਸਮਗਲਿੰਗ ਦੇ ਦੋਸ਼ ਹੇਠ ਚਾਰ ਮਹੀਨੇ ਦੀ ਸਖਤ ਕੈਦ ਦੀ ਸਜ਼ਾ ਸੁਣਾਈ।

ਲੀਲਾ ਤੋਂ ਪੁਲਿਸ ਨੇ 2 ਕਿਲੋ ਅਫੀਮ, ਨਰੈਣਾ ਤੋਂ 500 ਗਰਾਮ ਅਫੀਮ ਅਤੇ ਗੁਲਜ਼ਾਰ ਉਰਫ ਵਲੈਤੀ ਤੋਂ 100 ਗਰਾਮ ਚਰਸ ਤੇ 50 ਗਰਾਮ ਅਫੀਮ ਬਰਾਮਦ ਕੀਤੀ।

ਦੰਗਿਆਂ 'ਚ ਹੱਥ ਹੋਣ ਦੇ ਦੋਸ਼ ਹੇਠ 60 ਗ੍ਰਿਫਤਾਰ

ਨਵੀਂ ਦਿੱਲੀ - (ਯੂ. ਐਨ. ਆਈ.) ਦਿੱਲੀ ਪੁਲਿਸ ਨੇ ਇੱਕ ਵਿਸ਼ੇਸ਼ ਮੁਹਿਮ ਚਲਾ ਕੇ ਨਵੰਬਰ ਮਹੀਨੇ ਦੌਰਾਨ ਹਿਸਕ ਦੰਗਿਆਂ 'ਚ ਹੱਥ ਹੋਣ ਦੇ ਦੋਸ਼ ਵਿੱਚ ਹੁਣ ਤੱਕ 60 ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

ਪੁਲਿਸ ਵੱਲੋਂ ਇਸ ਸਬੰਧ ਵਿੱਚ ਜਾਂਚ ਪੜਤਾਲ ਦਾ ਕੰਮ ਸ਼ੁਰੂ ਕਰਨ ਲਈ ਐਡੀਸ਼ਨਲ ਪੁਲੀਸ ਕਮਿਸ਼ਨਰ (ਕਰਾਈਮ) ਸ੍ਰੀ ਵੇਦ ਮਰਵਾਹਾ ਦੀ ਦੇਖ ਰੇਖ ਹੇਠ ਇਕ ਵਿਸ਼ੇਸ਼ ਸੈੱਲ ਕਾਇਮ ਕੀਤਾ ਗਿਆ ਹੈ।

ਅਕਾਲੀ ਆਗੂਆਂ ਨੂੰ ਰਿਹਾ ਕਰਨ ਦੀ ਮੰਗ

ਚੰਡੀਗੜ੍ਹ - (ਪੱਤਰ ਪ੍ਰੇਰਕ) ਇਸਤਰੀ ਅਕਾਲੀ ਦਲ ਚੰਡੀਗੜ੍ਹ ਇਕਾਈ ਦੀ ਪ੍ਰਧਾਨ ਬੀਬੀ ਅਮਰਜੀਤ ਕੌਰ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦਾ ਮਸਲਾ ਹੱਲ ਕਰਨ ਲਈ ਅਕਾਲੀ ਨੇਤਾਵਾਂ ਨੂੰ ਤੁਰੰਤ ਰਿਹਾ ਕਰਨਾ ਚਾਹੀਦਾ ਹੈ। ਜਿਹੜੇ ਸਿੱਖ ਯੁਵਕ ਬਿਨਾਂ ਕਿਸੇ ਕਾਰਨ ਕੌਮੀ ਸੁਰੱਖਿਆ ਐਕਟ ਅਧੀਨ ਨਜ਼ਰਬੰਦ ਹਨ ਉਨ੍ਹਾਂ ਨੂੰ ਤੁਰੰਤ ਰਿਹਾ ਕਰ ਦੇਣਾ ਚਾਹੀਦਾ ਹੈ।

ਦੋ ਅਕਾਲੀ ਆਗੂਆਂ ਤੇ ਪੁਲੀਸ ਵੱਲੋਂ ਜਬਰ ਢਾਹੇ ਜਾਣ ਦਾ ਦੋਸ਼

ਪੱਟੀ - (ਪੱਤਰ ਪ੍ਰੇਰਕ) ਅਕਾਲੀ ਦਲ (ਤਲਵੰਡੀ) ਦੇ ਸਕੱਤਰ ਦਿਆਲ ਸਿੰਘ ਅਤੇ ਇਕ ਹੋਰ ਆਗੂ ਹਰਭਜਨ ਸਿੰਘ ਨੇ ਦੋਸ਼ ਲਾਇਆ ਕਿ ਜ਼ਿਲਾ ਅੰਮ੍ਰਿਤਸਰ ਅਤੇ ਜ਼ਿਲਾ ਗੁਰਦਾਸ ਪੁਰ ਦੇ ਦੋ ਅਕਾਲੀ ਆਗੂਆਂ ਤੇ ਪੁਲੀਸ ਵਧੀਕੀਆਂ ਢਾਹ ਰਹੀ ਹੈ।

ਸ. ਦਿਆਲ ਸਿੰਘ ਦੇ ਕਹਿਣ ਅਨੁਸਾਰ ਪਿੰਡ ਬੁੱਘਾ (ਜ਼ਿਲਾ ਅੰਮ੍ਰਿਤਸਰ) ਦੇ ਹਰੀ ਸਿੰਘ ਬੁੱਘਾ ਦੇ ਦੋ ਜਵਾਨ ਪੁੱਤਰਾਂ ਜਗਤਾਰ ਸਿੰਘ ਅਤੇ ਅਵਤਾਰ ਸਿੰਘ ਨੂੰ ਸੀ. ਆਈ. ਏ. ਸਟਾਫ ਅੰਮ੍ਰਿਤਸਰ 18 ਦਸੰਬਰ 1984 ਨੂੰ ਹਿਰਾਸਤ ਵਿੱਚ ਲੈ ਕੇ ਕਿਸੇ ਅਣਦੱਸੀ ਥਾਂ ,ਤੇ ਲੈ ਗਿਆ ਅਤੇ ਦੋਹਾਂ ਦੀ ਅਜੇ ਤੱਕ ਕੋਈ ਉਘ ਸੁੱਘ ਨਹੀਂ ਮਿਲੀ। ਪੁਲੀਸ ਨੇ ਹਰੀ ਸਿੰਘ ਦੀ ਬੀਜੀ ਹੋਈ ਕਣਕ ਵੀ ਵਾਹ ਸੁੱਟੀ ਹੈ ਅਤੇ ਉਸ ਦੇ ਪਰਿਵਾਰ ਦਾ ਕਈ ਤੋਲੇ ਸੋਨਾ ਵੀ ਲੈ ਗਈ ਹੈ। ਇਸੇ ਤਰ੍ਹਾਂ ਹਰੀ ਸਿੰਘ ਦਾ ਟਰੈਕਟਰ ਵੀ ਪੁਲੀਸ ਦੇ ਕਬਜ਼ੇ ਵਿੱਚ ਹੈ।

ਸ. ਹਰਭਜਨ ਸਿੰਘ ਦੇ ਦੱਸਣ ਅਨੁਸਾਰ ਗੁਰਦਾਸਪੁਰ ਪੁਲੀਸ ਨੇ ਸਾਬਕਾ ਵਿਧਾਇਕ ਹਰਬੰਸ ਸਿੰਘ ਘੁੰਮਣ ਦੇ ਪਿੰਡ ਘੁੰਮਣ ਵਿੱਚ ਘਰ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ ਅਤੇ ਉਸ ਦੇ ਦੋ ਪੁੱਤਰਾਂ ਨੂੰ ਕੌਮੀ ਸੁਰੱਖਿਆ ਕਾਨੂੰਨ ਅਧੀਨ ਨਜ਼ਰਬੰਦ ਕਰ ਦਿੱਤਾ ਹੈ।

ਦਿੱਲੀ ਦੇ ਦੰਗਿਆਂ ਬਾਰੇ ਉਚ ਪੱਧਰੀ ਕਮਿਸ਼ਨ ਦੀ ਮੰਗ

ਬਰਨਾਲਾ - (ਪੱਤਰ ਪ੍ਰੇਰਕ) ਯੂਥ ਅਕਾਲੀ ਦਲ ਦੇ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਸਿਖ ਵਿਰੋਧੀ ਨਹੀਂ ਹਨ ਤੇ ਦਿੱਲੀ ਤੇ ਦੇਸ਼ ਦੇ ਹੋਰ ਭਾਗਾਂ ਵਿੱਚ ਹੋਏ ਦੰਗਿਆਂ ਵਿੱਚ ਕਾਂਗਰਸ (ਆਈ) ਦਾ ਹੱਥ ਨਹੀਂ ਤਾਂ ਉਹ ਉਚ ਪੱਧਰਾ ਨਿਰਪੱਖ ਪੜਤਾਲੀਆ ਕਮਿਸ਼ਨ ਮੁਕੱਰਰ ਕਰਕੇ ਦੋਸ਼ੀਆਂ ਨੂੰ ਨੰਗੇ ਕਰਨ।

ਇੱਥੋਂ 8 ਕਿਲੋਮੀਟਰ ਦੂਰ ਪਿੰਡ ਸੇਖਾਂ ਵਿੱਚ ਸਲਾਨਾ ਜੋੜ ਮੇਲੇ ਸਮੇਂ ਭਾਸ਼ਨ ਕਰਦਿਆਂ ਉਨ੍ਹਾਂ ਕਿਹਾ ਕਿ ਇਕ ਪਾਸੇ ਪੰਜਾਬ ਮਸਲੇ ਬਾਰੇ ਅਕਾਲੀਆਂ ਨਾਲ ਗੱਲਬਾਤ ਕਰਨ ਦੀਆਂ ਚਰਚਾਵਾਂ ਕੀਤੀਆਂ ਜਾ ਰਹੀਆਂ ਹਨ। ਦੂਜੇ ਪਾਸੇ ਬੇਗੁਨਾਹਾਂ ਉਤੇ ਪੁਲਿਸ ਜ਼ਬਰ ਤੇਜ਼ ਕਰ ਦਿੱਤਾ ਗਿਆ ਹੈ।

ਪ੍ਰੋ. ਚੰਦੂ ਮਾਜਰਾ ਨੇ ਦੋਸ਼ ਲਾਇਆ ਕਿ ਆਏ ਦਿਨ ਝੂਠੇ ਪੁਲਿਸ ਮੁਕਾਬਲੇ ਘੜੇ ਜਾ ਰਹੇ ਹਨ। ਸੂਬੇ ਭਰ ਵਿੱਚ ਤੇ ਵਿਸ਼ੇਸ਼ ਕਰਕੇ ਗੁਰਦਾਸ ਪੁਰ, ਰੋਪੜ ਤੇ ਸੰਗਰੂਰ ਜ਼ਿਲਿਆਂ 'ਚ ਸਿਖ ਨੌਜਵਾਨਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਲੱਡਾ ਕੋਠੀ ਵਰਗੇ "ਬੁੱਚੜਖਾਨੇ" ਬੰਦ ਕਰਨ, ਬੇਗੁਨਾਹ ਲੋਕਾਂ ਉਤੇ ਬਣਾਏ ਕੇਸ ਵਾਪਸ ਲੈਣ ਤੇ ਸਪੈਸ਼ਲ ਅਦਾਲਤਾਂ ਤੋੜ ਕੇ ਕਥਿਤ ਦੋਸ਼ੀਆਂ ਨੂੰ ਸਧਾਰਨ ਅਦਾਲਤਾਂ ਤੋਂ ਇਨਸਾਫ ਲੈਣ ਦਾ ਮੌਕਾ ਦੇਣ ਦੀ ਮੰਗ ਕੀਤੀ।

ਕਿਸਾਨ ਕਨਵੈਨਸ਼ਨ ਵੱਲੋਂ ਅਕਾਲੀ ਦਲ ਤੇ ਕੇਂਦਰ ਨੂੰ ਪੰਜਾਬ ਮਸਲੇ ਦੇ ਹੱਲ ਤੇ ਜ਼ੋਰ

ਜਲੰਧਰ - (ਵਿਸ਼ੇਸ਼ ਪ੍ਰਤੀਨਿਧ) ਸੂਬਾ ਪੱਧਰ ਦੀ ਕਿਸਾਨ ਕਨਵੈਨਸ਼ਨ ਨੇ ਮੰਗ ਕੀਤੀ ਹੈ ਕਿ ਅਕਾਲੀ ਅਨੰਦਪੁਰ ਸਾਹਿਬ ਦਾ ਮਤਾ ਵਾਪਸ ਲੈਣ ਕਿਉਂ ਜੋ ਉਸ ਵਿੱਚ "ਖਾਲਿਸਤਾਨ ਦੇ ਬੀਜ ਹਨ।" ਸ.ੀ ਪੀ. ਆਈ. ਅਤੇ ਸੀ. ਪੀ. ਐਮ. ਦੀਆਂ ਕਿਸਾਨ ਸਭਾਵਾਂ ਦੀ ਸਾਂਝੀ ਕਨਵੈਨਸ਼ਨ ਵਿੱਚ ਮਤਾ ਪਾਸ ਕਰਕੇ ਕੇਂਦਰ ਤੋਂ ਵੀ ਮੰਗ ਕੀਤੀ ਗਈ ਕਿ ਲਟਕਾ ਦੇ ਢੰਗ ਤਰੀਕੇ ਛੱਡੇ ਜਾਣ ਅਤੇ ਪੰਜਾਬ ਮਸਲੇ ਦੇ ਰਾਜਸੀ ਹੱਲ ਲਈ ਕਦਮ ਉਠਾਏ ਜਾਣ।

ਮਤੇ ਵਿੱਚ ਅਕਾਲੀ ਆਗੂਆਂ ਨੂੰ ਅਪੀਲ ਕੀਤੀ ਗਈ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਡਟਿਆ ਜਾਵੇ। ਰਾਜ ਵਿੱਚ ਫਿਰਕੂ ਏਕਤਾ ਲਈ ਕੰਮ ਕੀਤਾ ਜਾਵੇ ਅਤੇ ਪੰਜਾਬ ਮਸਲੇ ਦੇ ਹੱਲ ਲਈ ਗੱਲਬਾਤ ਦਾ ਰਾਹ ਅਪਣਾਇਆ ਜਾਵੇ। ਬੁਲਾਰਿਆਂ ਨੇ ਅਕਾਲੀ ਆਗੂਆਂ ਨੂੰ ਅਤਿਵਾਦੀਆਂ ਨਾਲੋਂ ਨਿਖੇੜਾ ਕਰਨ ਦੀ ਅਪੀਲ ਕੀਤੀ।

ਕਨਵੈਨਸ਼ਨ ਨੇ ਜਿੱਥੇ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੁਆਇਆ। ਫਿਰਕੂ-ਏਕਤਾ ਅਤੇ ਕੌਮੀ ਅਖੰਡਤਾ ਕਾਇਮ ਰੱਖਣ ਉਤੇ ਜ਼ੋਰ ਦਿੱਤਾ।

ਬੁਲਾਰਿਆਂ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਬੇਨਤੀ ਕੀਤੀ ਕਿ ਪੰਜਾਬ ਤੋਂ ਬਾਹਰ ਰਹਿੰਦੇ ਪੰਜਾਬੀਆਂ ਦੀ ਜਾਨ ਮਾਲ ਦੀ ਰਾਖੀ ਕੀਤੀ ਜਾਵੇ ਅਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ।

ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਬਿਜਲੀ ਦੇ ਰੇਟ ਘਟਾਏ ਜਾਣ, ਜੌਹਲ ਕਮੇਟੀ ਦੀ ਰਿਪੋਰਟ ਛਾਪੀ ਜਾਵੇ ਅਤੇ ਮਾਰਕੀਟ ਸੈਸ ਖਤਮ ਕੀਤਾ ਜਾਵੇ। ਕਨਵੈਨਸ਼ਨ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਸ੍ਰੀ ਅਵਤਾਰ ਸਿੰਘ ਮਲਹੋਤਰਾ, ਡਾ. ਜੋਗਿੰਦਰ ਦਿਆਲ, ਕੁਲਵੰਤ ਸਿੰਘ ਐਮ. ਐਲ. ਏ., (ਸਾਰੇ ਸੀ. ਪੀ. ਆਈ.) ਅਤੇ ਗੁਰਚਰਨ ਸਿੰਘ ਰੰਧਾਵਾ ਅਤੇ ਸ੍ਰੀ ਸਰਵਣ ਸਿੰਘ ਚੀਮਾ ਐਮ. ਐਲ. ਏ. (ਸਾਰੇ ਹੀ ਸੀ. ਪੀ. ਐਮ.) ਨੇ ਸੰਬੋਧਨ ਕੀਤਾ।

ਜਿਹੜੇ ਸਮਝੇ ਸੀ ਆਪਣੇ, ਬੇਗਾਨੇ ਬਣ ਗਏ,
ਉਂਝ ਮੂੰਹਾਂ ਦੇ ਮੁਲ੍ਹਾਜ਼ੇ ਕਈ ਸਾਲ ਦੇ ਰਹੇ।

ਦੰਗਾ ਪੀੜਤ ਲੋਕਾਂ ਦੀ ਮੁੜ ਵਸੇਬੇ ਲਈ ਮਦਦ

ਚੰਡੀਗੜ੍ਹ - (ਪੱਤਰ ਪ੍ਰੇਰਕ) ਗੁਰੂ ਨਾਨਕ ਮੁੜ ਵਸਾਊ ਸੁਸਾਇਟੀ ਚੰਡੀਗੜ੍ਹ ਦੀਆਂ ਸਬ ਕਮੇਟੀਆਂ ਦੇ ਪ੍ਰਤੀਨਿਧਾਂ ਦੀ ਇੱਥੇ ਇਕੱਤਰਤਾ ਹੋਈ ਜਿਸ ਵਿੱਚ ਦੰਗਾ ਪੀੜਤ ਪਰਿਵਾਰਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਦੀਆਂ ਸਕੀਮਾਂ ਉਤੇ ਵਿਚਾਰ ਕੀਤਾ।

ਸੁਸਾਇਟੀ ਦੇ ਇੱਕ ਬੁਲਾਰੇ ਨੇ ਸਾਡੇ ਰਿਪੋਰਟਰ ਨੂੰ ਦੱਸਿਆ ਕਿ ਸੁਸਾਇਟੀ ਗੁਰਦੁਆਰਾ ਪ੍ਰਬੰਧਕੀ ਕਮੇਟੀਆਂ ਤੇ ਸਮੂਹ ਸਿੱਖ ਜਥੇਬੰਦੀਆਂ ਦਾ ਸਹਿਯੋਗ ਪ੍ਰਾਪਤ ਕਰੇਗੀ। ਸੁਸਾਇਟੀ ਵਿੱਚ ਗੁਰਦੁਆਰਿਆਂ ਦੇ ਪ੍ਰਤੀਨਿਧਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ ਤਾਂ ਕਿ ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਦੀਆਂ ਠੋਸ ਸਕੀਮਾਂ ਨੂੰ ਅਮਲੀ ਰੂਪ ਦਿੱਤਾ ਜਾ ਸਕੇ। ਇਕੱਤਰਤਾ ਵਿੱਚ ਜ਼ਮੀਨ ਖਰੀਦਣ, ਇਮਾਰਤ ਉਸਾਰੀ, ਰੁਜ਼ਗਾਰ ਦਿਵਾਉਣ, ਵਿਧਵਾਵਾਂ ਦੇ ਮੁੜ ਵਸੇਬੇ ਤੇ ਯਤੀਮ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕਰਨ ਬਾਰੇ ਸਬ ਕਮੇਟੀਆਂ ਦੇ ਕੰਮ 'ਤੇ ਵਿਚਾਰ ਕੀਤਾ ਗਿਆ।

ਇਸ ਸਮੇਂ ਸੈਂਕੜੇ ਪੀੜਤ ਪਰਿਵਾਰ ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਸੈਕਟਰ 8, ਗੁਰਦੁਆਰਾ ਸੈਕਟਰ 19 ਵਿੱਚ ਰਹਿ ਰਹੇ ਹਨ। ਜਿਹੜੇ ਵਿਅਕਤੀ ਆਪਣਾ ਕਾਰੋਬਾਰ ਸ਼ੁਰੂ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਬੈਂਕ ਵੱਲੋਂ ਵਾਜਬ ਸੂਦ ਦਰ ,ਤੇ ਪਹਿਲੇ ਤਿੰਨ ਮਹੀਨਿਆਂ ਦਾ ਕਰਾਇਆ ਸਹਾਇਤਾ ਵਜੋਂ ਦਿੱਤਾ ਗਿਆ

ਕੁੱਝ ਵਿਅਕਤੀਆਂ ਨੂੰ ਸਕੂਟਰ ਰਿਕਸ਼ਾ ਖਰੀਦਣ ਲਈ ਕਰਜ਼ਾ ਤੇ ਮਾਲੀ ਸਹਾਇਤਾ ਵੀ ਸੁਸਾਇਟੀ ਵੱਲੋਂ ਦਿੱਤੀ ਗਈ ਹੈ ਤਾਂ ਕਿ ਉਹ ਆਪਣਾ ਗੁਜ਼ਾਰਾ ਕਰ ਸਕਣ।

ਸੁਸਾਇਟੀ ਦੇ ਪ੍ਰਤੀਨਿਧਾਂ ਨੇ ਕੇਂਦਰੀ ਸ਼ਾਸਤੇ ਪ੍ਰਦੇਸ਼ ਦੇ ਗੁਰਦੁਆਰਿਆਂ ਤੇ ਕੁੱਝ ਪਿੰਡਾਂ ਦਾ ਵੀ ਦੌਰਾ ਕੀਤਾ ਤਾਂ ਕਿ ਜ਼ਮੀਨ ਖਰੀਦ ਕੇ ਪੀੜਤ ਪਰਿਵਾਰਾਂ ਨੂੰ ਪੱਕੇ ਤੌਰ ਤੇ ਵਸਾਇਆ ਜਾ ਸਕੇ।

ਵੋਟਰ ਸੂਚੀਆਂ 'ਚ ਸੋਧਾਂ ਲਈ ਆਦੇਸ਼

ਗੁਰਦਾਸਪੁਰ - ਚੋਣ ਕਮਿਸ਼ਨ ਵੱਲੋਂ ਪੰਜਾਬ ਦੇ ਸਾਰੇ ਅਸੈਂਬਲੀ ਚੋਣ ਹਲਕਿਆਂ ਵਿੱਚ ਵੋਟਰ ਸੂਚੀਆਂ ਵਿੱਚ ਸੋਧ ਕਰਨ ਲਈ ਆਦੇਸ਼ ਜਾਰੀ ਕਰ ਦਿੱਤੇ ਗਏ ਹਨ।

ਨਵੇਂ ਵੋਟਰ ਬਣਨ ਦੇ ਇੱਛਕ ਵਿਅਕਤੀਆਂ ਵੱਲੋਂ ਆਪਣੇ ਦਾਅਵੇ ਪੇਸ਼ ਕਰਨ ਦੀ ਮਿਤੀ 21 ਜਨਵਰੀ ਨਿਸਚਿਤ ਕੀਤੀ ਗਈ ਹੈ।

ਚੰਨ ਚਾਨਣੀ ਸੀ ਰਾਤ ਕਈ ਨਾਲ ਹੋ ਗਏ,
ਆਈ ਮੱਸਿਆ ਦੀ ਰਾਤ ਸਾਥ ਭਾਲਦੇ ਰਹੇ।
ਕੋਈ ਗਮਾਂ ਵਾਲੀ ਰਾਸ ਦੇ ਕੇ ਟੁਰ ਚਲਿਆ,
ਅਸੀਂ ਹੰਝੂਆਂ ਨੂੰ ਹਾਸਿਆਂ 'ਚ ਢਾਲਦੇ ਰਹੇ।
ਯਾਰ ਵਫਾ ਦੀ ਲਕੀਰ ਕਦੋਂ ਦੇ ਉਲੰਘ ਗਏ,
ਸਾਚ ! ਲਗੀਆਂ ਦੀ ਲੱਜ ਅਸੀਂ ਪਾਲਦੇ ਰਹੇ।

ਸੂਚਨਾ

ਸਵਰਗਵਾਸੀ ਗੁਰਦੇਵ ਸਿੰਘ ਬਰਾੜ ਦਾ ਭੋਗ 20 ਜਨਵਰੀ ਦਿਨ ਐਤਵਾਰ ਨੂੰ ਗੁਰਦੁਆਰਾ ਸੁੱਖ ਸਾਗਰ, ਨਿਊ ਵੈਸਟਮਿਨਸਟਰ ਵਿਖੇ ਪਵੇਗਾ।

ਹੋਰ ਜਾਣਕਾਰੀ ਲਈ -

ਹਰਮਿੰਦਰ ਬਰਾੜ (ਮਿੰਦੀ) ਰਣਜੀਤ ਬਰਾੜ (ਰਾਣੀ)

ਸੂਚਨਾ

ਸਮਾਨਤਾ ਦੀ ਸਲਾਨਾ ਆਮ ਮੀਟਿੰਗ 27 ਜਨਵਰੀ 1985 ਨੂੰ ਦੁਪਹਿਰ ਦੇ 1 ਵਜੇ ਲਿਟਲ ਮਾਊਂਟੇਨ ਨੇਬਰਹੁੱਡ ਹਾਊਸ 3981 ਮੇਨ ਸਟਰੀਟ, ਵੈਨਕੂਵਰ ਵਿਖੇ ਹੋ ਰਹੀ ਹੈ। ਸਾਰੇ ਮੈਂਬਰਾਂ ਨੂੰ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਹੋਰ ਜਾਣਕਾਰੀ ਲਈ ਫੂਨ ਕਰੋ

ਗੀਤਾ ਪੁਰੀ Phone: 874-7279

DOSANJH & PIRANI
#202 - 5887 Victoria Drive, Vancouver, B.C. V5P 3W5 Lawyers
PHONE: 327-6381
* ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ * ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
* ਵਿਉਪਾਰਕ ਮਸਲੇ * ਪ੍ਰਵਾਰ ਤੇ ਤਲਾਕ * ਫੌਜਦਾਰੀ ਤੇ ਸਿਵਲ * ਕੋਰਟ ਟਰਾਇਲ
ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: BHAV KHANDAN SINGH
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ

ਰਾਜਸੀ ਤੱਥਾਂ ਦੇ ਪ੍ਰਸੰਗ ਵਿੱਚ

ਪੰਜਾਬ ਦੇ ਮਸਲੇ ਦੇ ਨਿਪਟਾਰੇ ਬਾਰੇ ਗੱਲਬਾਤ ਦਾ ਆਧਾਰ ਮਿਥਣ ਲਈ ਧਰਾਤਲ ਤਿਆਰ ਕੀਤੀ ਜਾ ਰਹੀ ਹੈ। ਅਨੰਦਪੁਰ ਮਤੇ ਦਾ ਧਾਰਮਿਕ ਅੰਸ਼ ਲੈ ਕੇ ਕਾਂਗਰਸੀਆਂ ਵੱਲੋਂ ਇਸ ਦੀ ਵਿਰੋਧਤਾ ਕੀਤੀ ਜਾ ਰਹੀ ਹੈ ਅਤੇ ਇਹ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਕਾਂਗਰਸ (ਆਈ) ਨੇ ਇਸ ਮਤੇ ਦੀ ਧਾਰਮਿਕ ਰੰਗਣ ਨੂੰ ਉਛਾਲ ਕੇ ਵਿਰੋਧੀ ਪਾਰਟੀਆਂ ਨੂੰ ਚਿੱਤ ਕੀਤਾ ਹੈ। ਖਾਲਿਸਤਾਨੀ ਅਨਸਰ ਇਸੇ ਧਾਰਮਿਕ ਰੰਗਣ ਦੀ ਪਾਣ ਚਾੜ੍ਹ ਕੇ ਵੱਖਵਾਦ ਦਾ ਨਾਅਰਾ ਦੇ ਰਿਹਾ ਹੈ। ਕਾਂਗਰਸ ਦੀ ਰਾਜਨੀਤਿਕ ਚਾਲ ਲਈ ਇਹ ਖਾਲਿਸਤਾਨੀ ਅਨਸਰ ਉਹ ਭੂਮਿਕਾ ਨਿਭਾ ਰਿਹਾ ਹੈ ਜਿਹੜੀ ਕਾਂਗਰਸੀਆਂ ਦੇ ਬਿਲਕੁੱਲ ਸੂਤ ਬੈਠਦੀ ਹੈ ਇਸੇ ਕਰਕੇ ਬਦੇਸ਼ਾਂ ਵਿੱਚ ਆਪਣੇ ਆਪ ਨੂੰ ਕਾਂਗਰਸੀ ਅਖਵਾਉਣ ਵਾਲਾ ਮੌਕਾਪ੍ਰਸਤ ਅਨਸਰ ਚੁੱਪ ਚਾਪ ਬੈਠਾ ਇਹ 'ਤਮਾਸ਼ਾ' ਵੇਖ ਰਿਹਾ ਹੈ ਕਿਉਂਕਿ ਖਾਲਿਸਤਾਨ ਬਣਾਉਣ ਦੇ ਨਾਅਰੇ ਦੇਣ ਵਾਲੇ ਉਨ੍ਹਾਂ ਦਾ ਕੰਮ ਕਰੀ ਜਾ ਰਹੇ ਹਨ ਤਾਂ ਕਾਂਗਰਸੀਆਂ ਨੂੰ ਹੋਰ ਕੀ ਚਾਹੀਦਾ ਹੈ? ਅੰਦਰੋ ਅੰਦਰੀ ਉਹ ਖਾਲਿਸਤਾਨੀ ਅਨਸਰ ਨੂੰ ਹਵਾ ਦੇ ਰਹੇ ਹਨ ਤਾਂ ਕਿ ਉਨ੍ਹਾਂ ਦੀ ਰਾਜ ਗੱਦੀ ਦੇ ਪਾਵੇ ਪੱਕੇ ਰਹਿਣ

ਦੂਜਾ ਰਾਜਸੀ ਤੱਥ ਇਹ ਹੈ ਕਿ ਖਾਲਿਸਤਾਨ ਦੀ ਮੁਹਿੰਮ ਸ਼ੁਰੂ ਕਰਨ ਵਾਲਾ ਅਖੌਤੀ ਲੀਡਰ ਪੰਜਾਬ ਵਿੱਚ ਪਹਿਲਾ 'ਦਲਬਦਲੂ' ਸੀ ਜਿਸ ਨੂੰ ਵਜ਼ੀਰੀ ਕਾਂਗਰਸੀਆਂ ਦੀ ਮੱਦਦ ਨਾਲ ਮਿਲੀ। ਅਕਾਲੀਆਂ ਦੀ ਅੱਧੋਗਤੀ ਕਰਨ ਵਿੱਚ ਇਸ ਸਖਸ਼ ਨੇ ਅਹਿਮ ਭੂਮਿਕਾ ਨਿਭਾਈ ਹੈ ਅਤੇ ਪੰਜਾਬ ਵਿੱਚ 'ਖਾਲਿਸਤਾਨ' ਦਾ ਨਾਅਰਾ ਦੇਣ ਦੀ ਥਾਂ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਨੂੰ ਰਣ ਖੇਤਰ ਬਣਾਇਆ ਗਿਆ ਹੈ। ਕੇਵਲ ਇਹ ਸਖਸ਼ ਨਹੀਂ ਬਲਕਿ ਸਮੁੱਚੀ ਲੀਡਰਸ਼ਿਪ ਦਾ ਮੁਤਾਲਿਆ ਕਰਨ ਤੇ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਜਿੰਨ੍ਹਾਂ ਹਲਕਿਆਂ ਵਿੱਚ ਕਾਂਗਰਸ ਦਾ ਗੜ੍ਹ ਹੈ, ਉਥੋਂ ਦੀ ਇਹ ਸਮੁੱਚੀ ਲੀਡਰਸ਼ਿਪ ਹੈ। ਸ਼੍ਰੋਮਣੀ ਅਕਾਲੀ ਦਲ ਨੇ ਕਦੇ ਉਨ੍ਹਾਂ ਹਲਕਿਆਂ ਵਿੱਚੋਂ ਸੀਟ ਨਹੀਂ ਜਿੱਤੀ ਜਿੱਥੋਂ ਅਜਿਹੀ ਲੀਡਰਸ਼ਿਪ ਪੈਦਾ ਹੋਈ ਹੈ। ਰਾਜਸੀ ਦ੍ਰਿਸ਼ਟੀਕੋਨ ਤੋਂ ਦੇਖਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕਾਂਗਰਸੀ ਗੜ੍ਹਾਂ ਨੂੰ ਹੋਰ ਮਜ਼ਬੂਤ ਕਰਨ ਲਈ ਇਹ ਨਾਅਰਾ ਬੁਲੰਦ ਹੋਇਆ ਹੈ।

ਤੀਜਾ ਰਾਜਸੀ ਤੱਥ ਇਹ ਹੈ ਕਿ ਅਜੋਕੀ ਬਦੇਸ਼ੀ ਲੀਡਰਸ਼ਿਪ ਵਿੱਚ ਬਹੁਤੇ ਅਜਿਹੇ ਲੀਡਰ ਹਨ ਜਿੰਨ੍ਹਾਂ ਦੇ ਸਬੰਧ ਦਰਬਾਰਾ ਸਿੰਘ ਤੇ ਜ਼ੈਲ ਸਿੰਘ ਧੜਿਆਂ ਨਾਲ ਬੜੇ ਗੂੜ੍ਹੇ ਰਹੇ ਹਨ। ਕਈ ਲੀਡਰ ਤਾਂ ਬਦੇਸ਼ਾਂ ਤੋਂ ਜਾ ਕੇ ਇੰਨ੍ਹਾਂ ਆਗੂਆਂ ਦੇ ਨਿੱਜੀ ਮਹਿਮਾਨ ਬਣ ਕੇ ਰਹਿੰਦੇ ਹਨ।

ਪੰਜਾਬ ਦੀ ਰਾਜਨੀਤਿਕ ਸਥਿਤੀ ਨੂੰ ਸਮਝਣ ਵਾਲੇ ਕਿਸੇ ਸਖਸ਼ ਨੂੰ ਇਹ ਭੁਲੇਖਾ ਨਹੀਂ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਮੂਲ ਆਧਾਰ ਕਿਹੜੇ ਹਲਕਿਆਂ ਵਿੱਚ ਹੈ — ਉਨ੍ਹਾਂ ਹਲਕਿਆਂ ਵਿੱਚੋਂ ਹੀ ਪਿਛਲੇ ਕੁੱਝ ਦਹਾਕਿਆਂ ਤੋਂ ਅਕਾਲੀ ਦਲ ਦੀ ਲੀਡਰਸ਼ਿਪ ਉੱਭਰੀ ਹੈ। ਉਸ ਲੀਡਰਸ਼ਿਪ ਨੂੰ ਭੁੰਜੇ ਲਾਹੁਣ ਲਈ ਇਹ ਖਾਲਿਸਤਾਨੀ ਲੀਡਰਸ਼ਿਪ ਹਮੇਸ਼ਾਂ ਸਰਗਰਮ ਰਹੀ ਹੈ। ਜਦ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਅਤਿਵਾਦ ਅਤੇ ਵੱਖਵਾਦ ਦੇ ਨਾਅਰੇ ਦਾ ਖੰਡਨ ਕਰਦੀ ਹੈ ਤਾਂ ਖਾਲਿਸਤਾਨੀ ਲੀਡਰਸ਼ਿਪ ਉਸ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਵੰਗਾਰਦੀ ਰਹੀ ਹੈ। ਤਮਾਸ਼ਾ ਇਹ ਹੈ ਕਿ ਇਹ ਵੰਗਾਰ ਬਦੇਸ਼ਾਂ ਵਿੱਚੋਂ ਹੋ ਰਹੀ ਹੈ ਕਿਉਂਕਿ ਪੰਜਾਬ ਵਿੱਚ ਇਸ ਲਹਿਰ ਦਾ ਆਧਾਰ ਨਹੀਂ ਹੈ। ਉਥੇ ਜਾ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਵੰਗਾਰਨ ਦੀ ਇਸ ਵਿੱਚ ਸਮਰੱਥਾ ਨਹੀਂ ਹੈ।

ਚੌਥਾ ਰਾਜਸੀ ਤੱਥ ਇਹ ਹੈ ਕਿ ਖਾਲਿਸਤਾਨੀ ਲੀਡਰਸ਼ਿਪ ਨੇ ਹਮੇਸ਼ਾਂ ਪੰਜਾਬ ਦੀਆਂ ਆਰਥਿਕ ਮੰਗਾਂ ਦੀ ਖਿਲੀ ਉਡਾਈ ਹੈ। ਅਨੰਦਪੁਰ ਦੇ ਮਤੇ ਬਾਰੇ ਸ਼੍ਰੋਮਣੀ ਅਕਾਲੀ ਦਲ ਦਾ ਸਪੱਸ਼ਟ ਸਟੈਂਡ ਹੈ ਕਿ ਰਾਜਾਂ ਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ ਤਾਂ ਕਿ ਉਹ ਆਪਣੇ ਲੋਕਾਂ ਦੀ ਹੋਣੀ ਨੂੰ ਬਦਲ ਸਕਣ ਪਰ ਖਾਲਿਸਤਾਨੀ ਲੀਡਰਸ਼ਿਪ ਇੰਨ੍ਹਾਂ ਮੰਗਾਂ ਬਾਰੇ ਧੁੰਦ ਖਿਲਾਰ ਕੇ ਧਾਰਮਿਕ ਗੱਲਾਂ ਨੂੰ ਪਹਿਲ ਦੇਣ ਲਈ ਤਤਪਰ ਹੈ।

ਇੰਨ੍ਹਾਂ ਰਾਜਸੀ ਤੱਥਾਂ ਤੋਂ ਸਪੱਸ਼ਟ ਇਹ ਹੈ ਕਿ ਖਾਲਿਸਤਾਨੀ ਅਨਸਰ ਦੂਸਰੇ ਰੂਪ ਵਿੱਚ ਕਾਂਗਰਸੀ ਬੋਲੀ ਹੀ ਬੋਲ ਰਿਹਾ ਹੈ ਤਾਂ ਕਿ ਲੋਕਾਂ ਨੂੰ ਆਰਥਿਕ ਲਾਭ ਨਾ ਪਹੁੰਚਣ ਸਗੋਂ ਉਨ੍ਹਾਂ ਦੇ ਫਿਰਕੂ ਅਤੇ ਧਾਰਮਿਕ ਜਜ਼ਬਾਤ ਭੜਕਾ ਕੇ ਕਾਂਗਰਸੀ ਗੱਦੀ ਕਾਇਮ ਰੱਖਣ ਵਿੱਚ ਉਸ ਦੀ ਮੱਦਦ ਕੀਤੀ ਜਾਵੇ ਅਤੇ ਕਾਂਗਰਸੀਆਂ ਦੀ ਭਾਰੀ ਜਿੱਤ ਦਾ ਕਾਰਨ ਬਦੇਸ਼ਾਂ ਵਿੱਚ 'ਖਾਲਿਸਤਾਨੀ' ਨਾਅਰਾ ਹੈ।

ਪਿਆਰ ਵਫਾ ਨੂੰ ਭਾਲ ਰਹੇ ਨੇ, ਕਿੰਨੇ ਨੇ ਅਨਜਾਣੇ ਲੋਕ।
ਵਕਤ ਪੈਣ ਤੇ ਬਣ ਜਾਂਦੇ ਨੇ, ਆਪਣੇ ਵੀ ਬੇਗਾਨੇ ਲੋਕ।

ਮੁੱਖਤਨਾਮੇ

ਟਰੰਟੋ
ਜਨਵਰੀ 1, 1985

ਐਡੀਟਰ ਜੀ

ਸਤਿ ਸ੍ਰੀ ਅਕਾਲ

ਮੈਨੂੰ ਦਸੰਬਰ 16 ਤੋਂ 31 ਵਾਲੇ ਪੇਪਰ ਵਿਚ ਸ੍ਰ: ਯੁਵਰਾਜ ਸਿੰਘ ਰਤਨ ਦਾ ਖਤ ਜੋ ਕੰਵਲ ਜੀ ਨੂੰ ਲਿਖਿਆ ਹੈ, ਉਸਨੂੰ ਪੜ੍ਹਕੇ ਤਾਂ ਮੇਰੀਆਂ ਅੱਖਾਂ ਹੀ ਮਲ੍ਹ ਗਈਆਂ ਕਿ ਕੰਵਲ ਜੀ ਕਿਵੇਂ ਲਖਾਂ ਹੀ ਪਾਠਕਾਂ ਨੂੰ ਹੁਣ ਤੀਕ ਸਮਾਜਵਾਦ ਦੇ ਬੁਰਕੇ ਰਾਹੀਂ ਗੁਮਰਾਹ ਕਰਦੇ ਆ ਰਹੇ ਸੀ।

ਕੰਵਲ ਜੀ ਦੀ ਕਹਿਣੀ ਤੇ ਕਰਨੀ ਵਿਚਲਾ ਅੰਤਰ ਚਕਾਚੌਂਦ ਕਰਦਾ ਹੈ। ਜੋ ਲੋਕ-ਸਾਹਿਤਕਾਰ ਦਾ ਮੁਖੌਟਾ ਪਾ ਕੇ ਲਿਖਦਾ ਹੈ ਉਸਦਾ ਨਕਾਬ ਹੁਣ ਵੀ ਤੇ ਭਵਿੱਖ ਵਿਚ ਵੀ ਜਰੂਰ ਲਾਹੁਣਾ ਚਾਹੀਦਾ ਹੈ। ਇਹੋ ਲੇਖ ਲਿਖਕੇ ਯੁਵਰਾਜ ਵੀਰ ਨੇ ਬਹੁਤ ਵੱਧੀਆ ਪਿਰਤ ਪਾਈ ਹੈ। ਉਹ ਵਧਾਈ ਦੇ ਹੱਕਦਾਰ ਹਨ।

ਮੇਰੇ ਵਰਗੇ ਪਾਠਕ ਜੋ ਕੰਵਲ ਜੀ ਦੇ ਉਪਾਸ਼ਕ ਹੁਣ ਤੀਕ ਰਹੇ ਹਨ ਉਨ੍ਹਾਂ ਨੇ ਅਸਲੀ ਕੰਵਲ ਹੁਣ ਵੇਖ ਲਿਆ ਹੈ। ਕਿੰਨ੍ਹਾਂ ਚੰਗਾ ਹੋਵੇ ਜੇ ਮੇਰਾ ਖਤ ਕੈਨੇਡਾ ਦਰਪਣ ਵਿਚ ਛਾਪ ਦੇਵੋਤੇ ਇਸ ਦੇ ਨਾਲ ਨਾਲ ਸੰਖੇਪ ਜਾਣਕਾਰੀ ਯੁਵਰਾਜ ਵੀਰ ਦੀ ਸਾਹਿਤਕ ਪੱਖੋਂ ਕਰਵਾ ਦੇਵੋ, ਜਿਨ੍ਹਾਂ ਨੇ ਐਨੇ ਹੌਂਸਲੇ ਨਾਲ ਕੰਵਲ ਜੀ ਤੋਂ ਪੁਛਣ ਦਾ ਹੀਆਂ ਕੀਤਾ ਹੈ।

ਮੇਰੀ ਵਧਾਈ ਯੁਵਰਾਜ ਵੀਰ ਨੂੰ ਆਪਦੇ ਪੇਪਰ ਰਾਹੀਂ ਜਰੂਰ ਪਹੁੰਚਦੀ ਕਰ ਦੇਣੀ।

ਨਵੇਂ ਸਾਲ ਤੋਂ ਹਫ਼ਤਾਵਾਰੀ ਪੇਪਰ ਹੋ ਜਾਣ ਦੀ ਬਹੁਤ ਖੁਸ਼ੀ ਹੋਈ।

ਤੁਸੀਂ ਆਪਣੇ ਪੇਪਰ ਵਿਚ ਜੋ ਨਿਰਪੱਖ ਤੇ ਅਗਾਂਹਵਧੂ ਸਾਹਿਤ ਤੇ ਖ਼ਬਰਾਂ ਦਿੰਦੇ ਹੋ, ਇਸ ਤੇ ਵੀ ਮੈਂ ਵਧਾਈ ਭੇਜਦਾ ਹਾਂ। ਆਸ ਕਰਦਾ ਹਾਂ ਮੁਸ਼ਕਲਾਂ ਵਿਚਦੀ ਲੰਘਦੇ ਹੋਏ ਆਪਣੇ ਇਸ ਚੰਗੇ ਕਾਰਜ ਨੂੰ ਨਿਰਵਿਘਨ ਅੱਗੇ ਤੋਰੀ ਜਾਵੋਂਗੇ।

ਨਵਾਂ ਸਾਲ ਖੁਸ਼ੀਆਂ ਭਰਿਆ ਆਵੇ।

ਆਪ ਜੀ ਦਾ ਹਿੱਤੂ
ਤੇਜਵੰਤ ਸੰਧੂ

ਐਡੀਟਰ ਸਾਹਿਬ,

ਵਾਹਿਗੁਰੂ ਜੀ ਕੀ ਫਤਿਹ।

ਤੁਸੀਂ ਕੈਨੇਡਾ ਦਰਪਣ ਅਖ਼ਬਾਰ ਕੱਢ ਕੇ ਈਸਟ ਇੰਡੀਅਨ ਕਮਿਊਨਿਟੀ ਦੀ ਬਹੁਤ ਵੱਡੀ ਲੋੜ ਨੂੰ ਪੂਰਾ ਕੀਤਾ ਹੈ। ਆਪ ਦੇ ਪਰਚੇ ਤੋਂ ਪਹਿਲਾਂ ਸਾਰਾ ਮੈਦਾਨ ਬੇਅਸੂਲ ਮੌਕਾ-ਤਾੜੂ ਭੱਦਰ ਪੁਰਸ਼ਾਂ ਦੇ ਹੱਥ ਹੀ ਸੀ ਜਿਨ੍ਹਾਂ ਨੇ ਅੰਨ੍ਹੀ ਪਾਈ ਹੋਈ ਸੀ। ਉਹ ਜਿਸਦੀ ਮਰਜ਼ੀ ਪੱਗ ਲਾਹ ਦਿੰਦੇ। ਲੋਕਾਂ ਦੇ ਉਲਟ ਝੂਠੀਆਂ ਖਬਰਾਂ ਛਾਪਕੇ ਉਨ੍ਹਾਂ ਦੀ ਬੇਇੱਜਤੀ ਕਰਦੇ। ਫੇਰ ਡਰਾਵੇ ਦੇ ਕੇ ਉਨ੍ਹਾਂ ਤੋਂ ਇਸ਼ਤਿਹਾਰ ਲੈਂਦੇ ਜਾਂ ਛਿਆਨੀ ਭਰਾਉਂਦੇ। ਪਰ ਹੁਣ ਅਖੀਰ ਕੂੜ ਦੀ ਮੌਤ ਦੇ ਦਿਨ ਵੀ ਨੇੜੇ ਆ ਢੁੱਕਦੇ ਹਨ। ਲੋਕ ਉਨ੍ਹਾ ਦੀਆਂ ਕਰਤੂਤਾਂ ਤੋਂ ਤੰਗ ਆ ਗਏ ਹਨ। ਲੋਕ ਉਨ੍ਹਾਂ ਨੂੰ ਇਸ਼ਤਿਹਾਰ ਨਹੀਂ ਦਿੰਦੇ। ਹੈ ਵੀ ਠੀਕ, ਲੋਕ ਗਾਲਾਂ ਵੀ ਖਾਣ ਅਤੇ ਸੱਪਾਂ ਨੂੰ ਦੁੱਧ ਵੀ ਪਿਆਉਣ। ਕਾਹਤੋਂ ? ਸਾਡੀ ਕਮਿਊਨਿਟੀ ਵਿਚ ਜ਼ਹਿਰੀਲਾ ਪਰਚਾਰ ਕਰਕੇ ਫੁੱਟ ਪਾਉਣ ਵਾਲੇ ਨੂੰ ਪਰਮਾਤਮਾ ਆਪੇ ਸਜ਼ਾ ਦੇਵੇਗਾ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਾਂਝੀ ਭਲਾਈ ਦੀ ਗੱਲ ਕਰਨ ਵਾਲੇ ਪਰਚਿਆਂ ਨੂੰ ਹੀ ਖਰੀਦਣ ਜਾਂ ਇਸ਼ਤਿਹਾਰਾਂ ਰਾਂਹੀਂ ਮਦਦ ਕਰਨ। ਮਾੜੇ ਅਤੇ ਫੁੱਟ ਪਾਉਣ ਵਾਲੇ, ਜ਼ਹਿਰੀਲਾ ਪਰਚਾਰ ਕਰਨ ਵਾਲੇ ਲੋਕਾਂ ਦੀ ਪਾਲਣਾ ਕਰਨਾ ਬੁਰਾਈ ਨੂੰ ਸ਼ਹਿ ਦੇਣਾ ਹੈ। ਸਾਡੇ ਗੁਰੂ ਸਾਹਿਬਾਂ ਨੇ ਤਾਂ ਸਰਬਤ ਦੇ ਭਲੇ ਦਾ ਨਾਅਰਾ ਲਾਇਆ ਸੀ। ਸਾਨੂੰ ਭਾਈ ਘਨੱਈਆ ਵਰਗੇ ਮਹਾਂ ਪੁਰਸ਼ਾਂ ਦੀਆਂ ਪੈੜ੍ਹਾਂ ਉੱਤੇ ਤੁਰਨਾ ਚਾਹੀਦਾ ਹੈ। ਗੁਰੂ ਸਾਹਿਬ ਨੇ ਆਪ ਫਰਮਾਇਆ ਹੈ:

"ਨਾਂ ਕੋ ਵੈਰੀ, ਨਹੀਂ ਬਿਗਾਨਾ, ਸਗਲ ਸੰਗ ਹਮ ਕੋ ਬਨ ਆਈ।"
ਲੋਕ ਅਣਖ ਵਾਲੇ ਹਨ, ਬੇ ਅਣਖ ਨਹੀਂ ਹਨ।

ਆਪ ਜੀ ਦਾ ਦਾਸ
ਸੁਰਜੀਤ ਸਿੰਘ

ਸਿਆਸਤ

ਰੁੱਖ ਜੋ ਯੁਗਾਂ ਤੋਂ
ਸੱਚ ਤੇ ਝੂਠ ਦੇ ਪ੍ਰਛਾਵਿਆਂ ਹੇਠ
ਉਗਾ, ਵਕਤ ਦੇ ਪੱਤੇ ਏਸ ਰੁੱਖ ਦੇ
ਸਭਿਅਤਾ ਦੀ ਸਨ੍ਹ ਸੁਟਦੇ ਸੁਟਦੇ
ਸੋਚਾਂ ਦੇ ਮਹਿਲ ਉਸਾਰਨ

ਪਰ ਏਹਦੇ ਸਾਏ ਸੰਗ
ਲੋਕ ਹੱਕ ਗਲਦੇ ਰਹਿੰਦੇ ਸੜਦੇ
ਰਹਿੰਦੇ, ਕੰਮ ਵਖਤ ਹਵਾ ਮੌਸਮੀ
ਵੈਦਰਕਾਕ ਦੀ ਪੂਛ ਫੜ੍ਹ
ਲੜਦੀ ਰਹਿੰਦੀ, ਰੋਂਦੀ ਰਹਿੰਦੀ !!

ਕੁਝ ਪੇਪਰ ਬਾਰੇ

ਨਵੇਂ ਸਾਲ ਦਾ ਕੈਨੇਡਾ ਦਰਪਣ ਦਾ ਪਹਿਲਾ ਅੰਕ ਪੁਜਿਆ। ਪਰਚੇ ਪ੍ਰਤੀ ਮੇਰੇ ਵਿਚਾਰ ਕੁਝ ਹੇਠ ਲਿਖੇ ਅਨੁਸਾਰ ਹਨ:

ਖਬਰਾਂ ਦੇ ਪੱਖ ਤੋਂ ਪੇਪਰ ਸਦਾ ਵਾਂਗ ਕਾਮਯਾਬ ਹੈ। ਸ਼ਬਦਾਵਲੀ ਕੁਝ ਕੁਝ ਸਮਕਾਲੀ ਪਰਚਿਆਂ ਦਾ ਰੰਗ ਲੈ ਰਹੀ ਹੈ ਜਾਂ ਇਉਂ ਕਹੋ ਕਿ ਪਬਲਿਕ ਦੀ ਡੀਮਾਂਡ ਅਨੁਸਾਰ ਮਸਾਲਾ ਵਰਤਣ ਲੱਗ ਪਏ ਹੋ। ਪੇਪਰ ਮੁੜ ਸਪਤਾਹਿਕ ਹੋ ਗਿਆ ਹੈ ਇਸ ਦੀ ਬੜੀ ਖੁਸ਼ੀ ਹੋਈ ਹੈ। ਦੋ ਹਫਤੇ ਮਗਰੋਂ ਪਰਚਾ ਕਢਣ ਨਾਲ, ਹੋ ਸਕਦਾ ਹੈ ਕਿ ਕੁਝ ਆਰਥਕ ਫਾਇਦਾ ਹੋਇਆ ਹੋਵੇ ਪਰ ਅਸਲ ਵਿੱਚ ਪਰਚੇ ਨੂੰ ਜੋ ਢਾਹ ਲੱਗੀ ਹੈ ਉਸ ਦਾ ਸਹੀ ਅੰਦਾਜ਼ਾ ਤੁਹਾਡੇ ਪਾਠਕ ਹੀ ਲਗਾ ਸਕਦੇ ਹਨ। ਉਮੀਦ ਹੈ ਗੁਆਚੀ ਗਰਾਂਊਂਡ ਮੁੜ ਛੇਤੀ ਹੀ ਪ੍ਰਾਪਤ ਕਰ ਲਵੇਗਾ। ਜੋ ਲੋਕ ਸੰਪਾਦਕੀ ਨੂੰ ਧਿਆਨ ਨਾਲ ਪੜ੍ਹਨਗੇ ਨਿਸਚੇ ਹੀ ਉਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਸਿੱਖਾਂ ਨਾਲ ਹੋਈਆਂ ਵਧੀਕੀਆਂ ਤੋਂ ਕੈਨੇਡਾ ਦਰਪਣ ਦਾ ਸੰਪਾਦਿਕ ਅਤੇ ਸਟਾਫ ਵੀ ਉਤਨਾਂ ਹੀ ਦੁਖੀ ਹੈ ਜਿਤਨਾਂ ਕੋਈ ਵੀ ਹੋਰ ਸਿਖ। ਪੰਜਾਬ ਨਹੀਂ ਸਗੋਂ ਭਾਰਤ ਦੇ ਸਾਰੇ ਮਸਲੇ ਸੁਲਝਾਏ ਜਾਣ ਦੇ ਇਹ ਸੁਝਾਓ ਭਰਪੂਰ ਅਸਰ ਰਖਣਗੇ।

ਹਰਭਜਨ ਹਾਂਸ ਦੀ ਲਿਖਤ ਸਦਾ ਵਾਂਗ ਆਪਣੀ ਫੀਲਡ ਕਾਇਮ ਰੱਖ ਰਹੀ ਹੈ। ਇੱਕ ਵੱਡੇ ਅਤੇ ਉਭਰਦੇ ਸਾਹਿਤਕਾਰ ਦੀ ਝਲਕ ਦਖਾਈ ਦੇ ਰਹੀ ਹੈ। ਕਵਿਤਾਵਾਂ; ਸੁਰਜੀਤ ਕਲਸੀ, ਮਿਤਰ ਰਾਸ਼ਾ, ਮੁਹਿੰਦਰ ਸੂਮਲ ਅਤੇ ਕਸ਼ਮੀਰਾ ਸਿੰਘ ਚਮਨ ਦੀਆਂ ਰਚਨਾਵਾਂ ਦਿਲ ਟੁੰਬਦੀਆਂ ਹਨ। ਸਾਧੂ ਦੀ ਕਵਿਤਾਵਾਂ ਦਾ ਜੋ ਪੰਜਾਬੀ ਲੇਖਕ ਮੰਚ ਵਿੱਚ ਪੜ੍ਹੀਆਂ ਗਈਆਂ ਪਾਠਕਾਂ ਦੀ ਦਿਲਚਸਪੀ ਲਈ ਜਰੂਰ ਛਾਪਣੀਆਂ ਸਨ। ਦਸਵੇਂ ਪਾਤਸ਼ਾਹ ਦੀ ਕਥਿਤ ਲਿਖਤ ਬਾਰੇ ਗੁਰਸ਼ਰਨ ਸਿੰਘ ਦੇ ਵਿਚਾਰ ਠੀਕ ਜਾਪਦੇ ਹਨ। ਸ੍ਰ: ਸ਼ਾਮ ਸਿੰਘ ਨੇ ਆਪਣੀ ਰਿਹਾਇਸ਼ ਲਈ ਇੱਕ ਸੁੰਦਰ ਅਟਾਰੀ ਬਣਾਈ ਸੀ ਜਿਸ ਤੋਂ ਉਸ ਥਾਂ ਦਾ ਨਾਂਉਂ ਅਟਾਰੀ ਪੈ ਗਿਆ। ਦਸਵੇਂ ਪਾਤਸ਼ਾਹ ਦੇ ਨਾਉਂ ਨਾਲ ਅਜੇਹੀ ਕਵਿਤਾ ਜੋੜਨੀ ਇਹ ਉਨ੍ਹਾਂ ਦਾ ਨਿਰਾਦਰ ਹੈ। ਅਮਰਜੀਤ ਸੂਫੀ ਦਾ ਲੇਖ ਬੜਾ ਠੋਸ ਲੇਖ ਹੈ। ਯਿਸੂ ਮਸੀਹ ਬਾਰੇ ਗੁਰਦਿਆਲ ਸਿੰਘ ਭਟੋਅ ਦਾ ਲੇਖ ਵੀ ਬੜਾ ਸੁੰਦਰ ਹੈ।

ਪੇਪਰ ਦੀ ਪਰੂਫ ਰੀਡਿੰਗ ਤੇ ਵਧੇਰੇ ਧਿਆਨ ਦੇਣ ਦੀ ਲੋੜ ਹੈ।

ਹਰਭਜਨ ਸਿੰਘ ਦਿਓਲ
ਔਲੀਵਰ, ਬੀ. ਸੀ.

ਐਡੀਟਰ ਜੀ,

ਸਤਿ ਸ੍ਰੀ ਆਕਾਲ।

ਤੁਹਾਡਾ ਪਰਚਾ ਮੈਨੂੰ ਤਾਂ ਚੰਗਾ ਲੱਗਦਾ ਹੈ ਕਿ ਇਸ ਵਿਚ ਆਪਣੇ ਲੋਕਾਂ ਦੇ ਵਿਰੁਧ ਜ਼ਹਿਰ ਨਹੀਂ ਉਗਾਲਿਆ ਜਾਂਦਾ। ਗਰੀਬ ਲੋਕਾਂ ਦੀ ਮੌਤ ਦੀਆਂ ਸੁਰਖੀਆਂ ਚਟਖਾਰੇ ਲਾਕੇ ਲਾਈਆਂ ਨਹੀਂ ਹੁੰਦੀਆਂ।

ਆਪ ਲੋਕਾਂ ਵਿਰੁਧ ਕੋਈ ਨਿੱਜੀ ਊਂਝਾਂ ਨਹੀਂ ਲਾਉਂਦੇ। ਹੋਰ ਕਈ ਪਹਿਲਾਂ ਝੂਠੀਆਂ ਖਬਰਾਂ ਛਾਪਦੇ ਹਨ। ਜਦ ਲੋਕ ਉਨ੍ਹਾਂ ਉਤੇ ਮਕੱਦਮੇ ਕਰਦੇ ਹਨ ਤਾਂ ਮਾਫੀਆਂ ਮੰਗਦੇ ਫਿਰਦੇ ਹਨ। ਹਰ ਪਰਚੇ ਵਿਚ ਕਈ ਕਈ ਮਾਫੀਨਾਮੇ ਮੋਟੇ ਅੱਖਰਾਂ ਵਿਚ ਛਾਪਦੇ ਹਨ ਪਰ ਕਈ ਲੋਕ ਜਦ ਉਨ੍ਹਾਂ ਨੂੰ ਅਦਾਲਤੀਂ ਘੜੀਸਦੇ ਹਨ ਤਾਂ ਝੂਠ ਦਾ ਪੋਲ ਖੁੱਲ ਜਾਂਦਾ ਅਤੇ ਮੋਟੀਆਂ ਰਕਮਾਂ ਜੁਰਮਾਨੇ ਦੀਆਂ ਤਾਰਨੀਆਂ ਪੈਂਦੀਆਂ ਹਨ ਤਾਂ ਨਾਨੀ ਯਾਦ ਆ ਜਾਂਦੀ ਹੈ। ਪਰ ਉਹ ਫੇਰ ਲੋਕਾਂ ਨੂੰ ਆਪਣੀ ਗਰਜ਼ ਲਈ ਬੁੱਧੂ ਬਣਾਉਂਦੇ ਹਨ। ਧਰਮ ਦੇ ਨਾਂ ਉਤੇ ਫੰਡ ਦੀਆਂ ਅਪੀਲਾਂ ਕਰਦੇ ਹਨ। ਲੋਕ ਪੁੱਛਦੇ ਹਨ ਕਿ ਆਪਣੇ ਹੀ ਲੋਕਾਂ ਉਤੇ ਚਿਕੜ ਉਛਾਲਣ ਵੇਲੇ ਪਰਚੇ ਵਾਲਿਆਂ ਨੇ ਉਨ੍ਹਾਂ ਹੀ ਲੋਕਾਂ ਨੂੰ ਪਹਿਲਾਂ ਕਦੇ ਪੁੱਛਿਆ ਸੀ ? ਤੇ ਹੁਣ ਉਹ ਕਿਸੇ ਦੀਆਂ ਮਾੜੀਆਂ ਕਰਨੀਆਂ ਲਈ ਜੁਰਮਾਨਾਂ ਕਿਉਂ ਭਰਨ। ਮਾੜੇ ਕੰਮਾਂ ਵਿਚ ਮਦਦ ਕਿਉਂ ਕਰਨ। ਜੇਹੜਾ ਕਰੇ ਓਹੀ ਭਰੇ। ਜਾਂ ਰੱਬ ਕੋਲੋਂ ਡਰੇ। ਉਸਦੇ ਘਰ ਦੇਰ ਹੈ ਅੰਧੇਰ ਨਹੀਂ। ਖਲਕ ਭੀ ਖਾਲਿਕ ਦਾ ਹੀ ਰੂਪ ਹੈ। ਉਸ ਨੂੰ ਬੁਰਾ ਭਲਾ ਕਹਿਣ ਵਾਲਾ ਰੱਬ ਦਾ ਦੇਣਦਾਰ ਹੈ। ਉਸਦੀ ਮਾੜੇ ਕੰਮਾਂ ਵਿਚ ਮਦਦ ਕਰਨੀ ਅਧਰਮ ਹੈ। ਸਗੋਂ ਲੋਕ ਉਸਤੋਂ ਪਹਿਲੇ ਇਕੱਠੇ ਕੀਤੇ ਫੰਡਾਂ ਦਾ ਹਿਸਾਬ ਮੰਗਣ। ਅੱਗੋਂ ਲਈ ਉਲਟੇ ਝਾਂਸੇ ਵਿਚ ਨਾ ਆਉਣ।

ਇਸ ਲਈ ਅਸੀਂ ਕੁਝ ਦੋਸਤਾਂ ਨੇ ਫੈਸਲਾ ਕੀਤਾ ਹੈ ਕਿ ਆਪਦੀ ਜਿੰਨੀ ਵੀ ਮਦਦ ਹੋ ਸਕੇ ਕਰਾਂਗੇ। ਚੰਦੇ ਭਜਵਾਵਾਂਗੇ। ਕੁਝ ਸਿਰਨਾਮੇ ਆਪ ਨੂੰ ਭੇਜ ਰਹੇ ਹਾਂ ਇਨ੍ਹਾਂ ਉਤੇ ਪਰਚਾ ਜਾਰੀ ਕਰ ਦੇਣਾ।

ਜਾਗੀਰ ਸਿੰਘ ਡੇਲਟਾ

ਹੱਕ

ਇਹ ਇਕ ਐਸਾ ਲੋਹਾ
ਜਿਸ ਨੂੰ ਅੱਗ ਵਿਚ ਸੁਟ ਦਿਓ
ਜਾਂ ਵਰ੍ਹਿਆਂ ਦੀ ਤੇਜ਼ਾਬ ਵਿਚ
ਡੋਬਣ ਦੀ ਸਾਜ਼ਸ ਕਰੋ
ਨ ਏਹ ਅੱਗ ਵਿਚ ਲਾਲ ਹੋਇਆ
ਨ ਤੇਜ਼ਾਬ ਇਸ ਨੂੰ ਸਾੜ
ਰੂਬਰੂ ਸੱਤਾਧਾਰੀ ਹੱਥਾਂ ਦੇ
ਜਬਰ ਦੇ ਹਥਿਆਰ ਵੀ ਇਸ ਨੂੰ ਕੱਟ
ਸਕੇ।

Goyal Travels Inc.
IATA
4152 Fraser Street, Vancouver, B.C., Canada V5V 4E8
PH: (604) 872-7658
Toll Free Numbers
In B.C. 112-800-663-9079
In Alberta 1-800-663-9079
From 4 pm to 7 p.m.
THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:
• 2 Asia House, K.G. Marg, New Delhi—110001 Phone 389217
• Opposite Nehru Gardens, G.T.Road, Jullundur City Phone 77526
• Court Road, Moga, Distt. Faridkot Phone 2798
• Court Road, Jagraon, Distt. Ludhiana Phone 252
Cheapest Fares to:
FIJI—INDIA—PAKISTAN—COLOMBO—NEPAL

ਭਾਰਤ ਦਰਪਣ

ਜ਼ਿਆ ਜਿਸ ਨੂੰ ਮਰਜ਼ੀ ਚੋਣਾਂ ਲੜਨੋਂ ਰੋਕ ਸਕੇਗਾ

ਨਵੀਂ ਦਿੱਲੀ - (ਯੂ. ਐਨ. ਆਈ.) ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ ਉਲ-ਹੱਕ ਨੇ ਇਕ ਮਾਰਸ਼ਲ ਲਾਅ ਆਦੇਸ਼ ਜਾਰੀ ਕਰਕੇ ਆਪਣੇ ਲਈ ਅਜਿਹਾ ਅਧਿਕਾਰ ਪ੍ਰਾਪਤ ਕਰ ਲਿਆ ਹੈ ਜਿਸ ਅਧੀਨ ਉਹ ਦੇਸ਼ 'ਚ ਮਾਰਚ ਮਹੀਨੇ ਦੌਰਾਨ ਕਰਾਈਆਂ ਜਾਣ ਵਾਲੀਆਂ ਆਮ ਚੋਣਾਂ 'ਚ ਕਿਸੇ ਵਿਅਕਤੀ ਨੂੰ ਰਾਜਸੀ ਤੌਰ 'ਤੇ ਚੋਣ ਲੜਨ ਲਈ ਅਯੋਗ ਕਰਾਰ ਦੇ ਸਕਣਗੇ ।

ਪਾਕਿਸਤਾਨ ਰੇਡੀਓ ਅਨੁਸਾਰ ਜਨਰਲ ਜ਼ਿਆ ਨੇ ਮੁੱਖ ਮਾਰਸ਼ਲ ਲਾਅ ਅਧਿਕਾਰੀ ਹੋਣ ਦੇ ਨਾਤੇ ਇਹ ਆਦੇਸ਼ ਕੱਲ੍ਹ ਰਾਵਲਪਿੰਡੀ 'ਚ ਜਾਰੀ ਕੀਤਾ। ਰੇਡੀਓ ਨੇ ਭਾਵੇਂ ਇਸ ਸਬੰਧੀ ਹੋਰ ਕੁੱਝ ਨਹੀਂ ਦੱਸਿਆ ਪਰ ਸਮਝਿਆ ਜਾ ਰਿਹਾ ਹੈ ਕਿ ਜ. ਜ਼ਿਆ ਨੇ ਲੋਕ ਰਾਜ ਦੀ ਬਹਾਲੀ ਲਈ 11 ਪਾਰਟੀਆਂ ਦੇ ਪਾਬੰਦੀ ਸ਼ੁਦਾ ਮੁਹਾਜ਼ ਵਿਚਲੇ "ਸੱਜੇ ਪੱਖੀ" ਤੱਤਾਂ ਨਾਲ ਸਮਝੌਤੇ ਲਈ ਕੋਈ ਪੇਸ਼ਕਸ਼ ਕੀਤੀ ਹੈ ।

ਦੱਸਿਆ ਜਾਂਦਾ ਹੈ ਕਿ ਇਸ ਸਮਝੌਤੇ ਤਹਿਤ ਮਾਮੂਲੀ ਤਬਦੀਲੀਆਂ ਕਰਕੇ 1973 ਦਾ ਸੰਵਿਧਾਨ ਲਾਗੂ ਕੀਤਾ ਜਾਵੇਗਾ ਇਸ ਦੇ ਬਦਲੇ 'ਚ ਸਰਕਾਰ ਇਹ ਚਾਹੇਗੀ ਕਿ ਮੁਹਾਜ਼ ਦੇ ਨੇਤਾ ਗੈਰ-ਪਾਰਟੀ ਅਧਾਰ ਉਤੇ ਕਰਵਾਈਅਣਾਂ ਜਾਣ ਵਾਲੀਆਂ ਚੋਣਾਂ 'ਚ ਭਾਗ ਲੈਣ। ਇਸ ਸਬੰਧੀ ਮੁਹਾਜ਼ ਦੇ ਨੇਤਾਵਾਂ ਦੇ ਪ੍ਰਤੀਕਰਮ ਬਾਰੇ ਅਜੇ ਕੋਈ ਪਤਾ ਨਹੀਂ ਲਗ ਸਕਿਆ ।

ਇਸਲਾਮਾਬਾਦ ਤੋਂ ਏ. ਪੀ. ਅਨੁਸਾਰ ਜਨਰਲ ਜ਼ਿਆ ਨੇ ਸਾਬਕਾ ਸਰਕਾਰੀ ਅਧਿਕਾਰੀਆਂ ਤੇ ਸੁਰੱਖਿਆ ਫੌਜਾਂ ਦੇ ਮੈਂਬਰਾਂ ਨੂੰ ਚੋਣਾਂ 'ਚ ਭਾਗ ਲੈਣ ਦੀ ਇਜਾਜ਼ਤ ਦੇਣ ਦਾ ਅਧਿਕਾਰ ਵੀ ਆਪਣੇ ਹੱਥਾਂ 'ਚ ਲੈ ਲਿਆ ਹੈ।

ਫੌਜੀ ਆਦੇਸ਼ਾਂ ਅਨੁਸਾਰ ਅਜਿਹੇ ਅਧਿਕਾਰੀ ਰਿਟਾਇਰ ਹੋਣ ਤੋਂ ਬਾਅਦ ਦੋ ਸਾਲ ਤੱਕ ਪਾਰਲੀਮਾਨੀ ਚੋਣਾਂ ਨਹੀਂ ਲੜ ਸਕਦੇ ।

'ਕੈਨੇਡਾ ਦਰਪਣ' ਆਪ ਪੜ੍ਹੋ

ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

ਸਿੱਖ ਨੇਤਾਵਾਂ ਨੂੰ ਰਿਹਾ ਕਰਨ ਦੀ ਮੰਗ

ਜੈਪੁਰ - (ਪੀ. ਟੀ. ਆਈ.) ਰਾਜਿਸਥਾਨ ਸਿੱਖ ਫੋਰਮ ਨੇ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਸਾਰੇ ਗ੍ਰਿਫਤਾਰ ਸਿੱਖ ਨੇਤਾਵਾਂ ਨੂੰ ਰਿਹਾਅ ਕੀਤਾ ਜਾਵੇ ਅਤੇ ਪੰਜਾਬ ਮਸਲਾ ਹੱਲ ਕਰਨ ਲਈ ਉਨ੍ਹਾਂ ਨਾਲ ਗੱਲਬਾਤ ਕੀਤੀ ਜਾਵੇ ।

ਫੋਰਮ ਨੇ ਪੰਜਾਬ ਮਸਲਾ ਸੁਲਝਾਉਣ ਲਈ ਕੇਂਦਰੀ ਵਜ਼ਾਰਤ ਦੀ ਸਬ ਕਮੇਟੀ ਦੇ ਗਠਨ ਨੂੰ ਇਕ "ਚੰਗੀ ਸ਼ੁਰੂਆਤ" ਦੱਸਿਆ ।

ਫੋਰਮ ਦੇ ਜਨਰਲ ਸਕੱਤਰ ਸ੍ਰੀ ਸੁਖਦੇਵ ਸਿੰਘ ਨੇ ਕਿਹਾ ਕਿ ਸਿੱਖ ਭਾਈਚਾਰਾ ਇਸ ਵੇਲੇ ਨਾਜ਼ੁਕ ਮਾਨਸਿਕ ਸੰਕਟ ਵਿੱਚੋਂ ਲੰਘ ਰਿਹਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਦੀ ਹਿਫਾਜ਼ਤ ਯਕੀਨੀ ਬਣਾਵੇ ਅਤੇ ਉਨ੍ਹਾਂ ਦੀ ਮਾਲੀ ਮੱਦਦ ਕਰੇ ਤਾਂ ਜੋ ਉਹ ਹਾਲੀਆ ਦੰਗਿਆਂ ਨੂੰ ਭੁੱਲ ਕੇ ਨਵੇਂ ਸਿਰਿਓਂ ਕੌਮੀ ਮੁੱਖ ਧਾਰਾ ਨਾਲ਼ ਜੁੜ ਸਕਣ ।

ਸ੍ਰੀਮਤੀ ਗਾਂਧੀ ਦੀਆਂ ਨੀਤੀਆਂ ਤੇ ਚੱਲਾਂਗੇ

ਏਥਨਜ਼ - (ਯੂ. ਐਨ. ਆਈ., ਡੀ. ਪੀ. ਏ.) ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਯੂਨਾਨੀ ਪ੍ਰਧਾਨ ਮੰਤਰੀ ਆਦਰੀਅਸ ਪਾਪਾਡਰੀਊ ਨੂੰ ਲਿਖੇ ਇਕ ਪੱਤਰ 'ਚ ਕਿਹਾ ਹੈ ਕਿ ਉਹ ਆਪਣੀ ਮਾਂ ਸਵਰਗੀ ਸ੍ਰੀਮਤੀ ਇੰਦਰਾ ਗਾਂਧੀ ਦੀਆਂ ਅਮਨ ਨੀਤੀਆਂ ਉਤੇ ਚੱਲਦੇ ਰਹਿਣਗੇ ।

ਉਨ੍ਹਾਂ ਨੇ ਭਾਰਤ ਤੇ ਯੂਨਾਨ ਵਿਚਾਲੇ ਮੌਜੂਦਾ ਦੋਸਤੀ ਤੇ ਸਹਿਯੋਗ ਨੂੰ ਹੋਰ ਗੂੜ੍ਹਾ ਕਰਨ ਦਾ ਇਰਾਦਾ ਪ੍ਰਗਟਾਇਆ ਹੈ । ਇਹ ਪੱਤਰ ਜਿਹੜਾ ਅਖਬਾਰਾਂ 'ਚ ਛਪਿਆ, ਉਸ ਦੇ ਪੱਤਰ ਦੇ ਜਵਾਬ ਵਿੱਚ ਜਿਹੜਾ ਪਾਪਾਡਰੀਊ ਨੇ ਸ੍ਰੀ ਰਾਜੀਵ ਗਾਂਧੀ ਨੂੰ ਪਿਛਲੇ ਮਹੀਨੇ ਚੋਣਾਂ 'ਚ ਹੋਈ ਉਨ੍ਹਾਂ ਦੀ ਜਿੱਤ ਉਤੇ ਵਧਾਈ ਦੇਣ ਲਈ ਲਿਖਿਆ ਸੀ ।

ਆਪਣੀ ਨਜ਼ਰ ਹੀ ਸਾਫ ਨਾਂਹ ਹੋਵੇ ਸਭ ਕੁਝ ਮੈਲਾ ਲਗਦਾ ਹੈ,
ਕੁਝ ਨਾਹ ਹੋਵੇ ਘੜ ਲੈਂਦੇ ਨੇ ਦੁਨੀਆਂ ਵਿਚ ਅਫਸਾਨੇ ਲੋਕ ।

ਚਰਨ ਸਿੰਘ ਦੀ ਪਾਰਟੀ ਏਕੇ ਲਈ ਪਹਿਲ ਨਹੀਂ ਕਰੇਗੀ

ਨਵੀਂ ਦਿੱਲੀ - (ਯੂ. ਐਨ. ਆਈ.) ਦਲਿਤ ਮਜ਼ਦੂਰ ਕਿਸਾਨ ਪਾਰਟੀ ਨੇ ਸਪੱਸ਼ਟ ਕੀਤਾ ਕਿ ਉਹ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਵਿਰੋਧੀ ਧਿਰ ਵਿਚਾਲੇ ਏਕਾ ਕਾਇਮ ਕਰਨ ਵਾਸਤੇ ਕੋਈ ਸ਼ੁਰੂਆਤ ਨਹੀਂ ਕਰੇਗੀ ।

ਇਹ ਫੈਸਲਾ ਪਾਰਟੀ ਦੀ ਕਾਰਜਕਾਰਨੀ ਦੀ ਇੱਥੇ ਹੋਈ ਦੋ ਰੋਜ਼ਾ ਮੀਟਿੰਗ ਵਿੱਚ ਲਿਆ ਗਿਆ । ਮੀਟਿੰਗ ਵਿੱਚ ਇਹ ਰਾਏ ਪਾਈ ਗਈ ਕਿ ਹਾਲੀਆ ਲੋਕ ਸਭਾ ਚੋਣਾਂ ਵਿੱਚ ਵੋਟਰਾਂ ਨੇ ਕੋਲੀਸ਼ਨ ਸਰਕਾਰ ਦੇ ਵਿਚਾਰ ਨੂੰ ਰੱਦ ਕਰ ਦਿੱਤਾ ਹੈ । ਇਸ ਲਈ ਰੱਦ ਹੋਏ ਨਾਹਰਿਆਂ ਨਾਲ ਵੋਟਰ ਕੋਲ ਮੁੜ ਪਹੁੰਚ ਕੀਤੇ ਜਾਣਾ 'ਮੂਰਖਤਾਨਾ' ਕਾਰਵਾਈ ਹੋਵੇਗੀ ।

ਦੋ ਅਕਾਲੀ ਨੇਤਾਵਾਂ ਵੱਲੋਂ ਰਾਜੀਵ ਗਾਂਧੀ ਦੀ ਪਹਿਲ ਦਾ ਸੁਆਗਤ

ਨਵੀਂ ਦਿੱਲੀ - (ਯੂ. ਐਨ. ਆਈ.) ਅਕਾਲੀ ਦਲ (ਲੌਂਗੋਵਾਲ) ਦੇ ਦੋ ਨੇਤਾਵਾਂ ਨੇ ਆਸ ਪ੍ਰਗਟ ਕੀਤੀ ਕਿ ਰਾਜੀਵ ਗਾਂਧੀ ਦੀ ਸਰਕਾਰ ਮਰਹੂਮ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਦਿੱਤੇ "ਵਚਨ" ਤੇ ਅਮਲ ਕਰਦਿਆਂ ਆਨੰਦਪੁਰ ਸਾਹਿਬ ਮਤਾ ਸਰਕਾਰੀਆ ਕਮਿਸ਼ਨ ਦੇ ਹਵਾਲੇ ਕਰੇਗੀ ।

ਪੰਜਾਬ ਮਸਲਾ ਹੱਲ ਕਰਨ ਲਈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਲੋਂ ਕੀਤੀ ਗਈ ਪਹਿਲ ਦਾ ਸੁਆਗਤ ਕਰਦਿਆਂ ਬਖਸ਼ੀ ਜਗਦੇਵ ਸਿੰਘ ਅਤੇ ਦਿੱਲੀ ਅਕਾਲੀ ਦਲ (ਲੌਂਗੋਵਾਲ) ਦੇ ਜਨਰਲ ਸਕੱਤਰ ਓਂਕਾਰ ਸਿੰਘ ਥਾਪਰ ਨੇ ਦੋ ਵੱਖ ਵੱਖ ਬਿਆਨਾਂ ਵਿੱਚ ਕਿਹਾ ਕਿ ਆਨੰਦਪੁਰ ਸਾਹਿਬ ਮਤਾ ਸਰਕਾਰੀਆ ਕਮਿਸ਼ਨ ਹਵਾਲੇ ਕਰਨ ਨਾਲ ਇਹ ਮਾਮਲਾ ਤੈਅ ਹੋ ਜਾਵੇਗਾ ਕਿ ਮਤਾ ਗੈਰ ਸੰਵਿਧਾਨਕ ਤੇ ਵੱਖਵਾਦੀ ਹੈ ਜਾਂ ਨਹੀਂ ।

ਦੋਹਾਂ ਨੇਤਾਵਾਂ ਨੇ ਦੁਹਰਾਇਆ ਕਿ ਸਿੱਖ ਭਾਈਚਾਰਾ ਹਮੇਸ਼ਾਂ ਹੀ ਦੇਸ਼ ਦੀ ਏਕਤਾ ਦਾ ਹਾਮੀ ਰਿਹਾ ਹੈ ਅਤੇ ਕਿ ਅਕਾਲੀ ਦਲ ਨੇ ਕਦੇ ਵੀ ਕੋਈ ਵੱਖਵਾਦੀ ਮੰਗ ਨਹੀਂ ਉਠਾਈ ।


ROKKO SAREES


ROKKO SAREES

GURU BAZAAR
6529 Main St. (49th Ave.)
Vancouver, B.C.
Ph: 327-4422

SALE

Buy TWO Printed Suits for $8.00 each & get THIRD suit FREE

Buy ONE printed Saree for $20.00 & Get SECOND Saree $10.00

SALE

ROKKO SAREES & FABRICS
6201 Fraser St. (46th Ave.)
Vancouver, B.C.
Ph: 327-3033


ROKKO SAREES


ROKKO SAREES

ਇੰਡੋ-ਕੈਨੇਡੀਅਨ ਸੁਸਾਇਟੀ ਵੱਲੋਂ ਰੀਲੀਫ ਫੰਡ ਲਈ ਬੇਨਤੀ

Dear Editor:

You are most likely disturbed by senseless violence before and aftermath the senseless and tragic assassination of Mrs. Indra Gandhi, Prime Minister of India. In the process around two thousand innocent people have lost their lives in addition to millions of dollars of property damage. To be more precise there have been 1277 deaths following the assassination and about five hundred before, not including the army personals.

There are many families where the bread winner has been killed. Although Government of India is doing all she can to help these people but much more help is needed.

Indo-Canadian Friendship Society has set up an "Indo-Canadian relief Trust Fund" for the victim's of the violence. Priority shall be given to the families where bread winner has been killed. The Society is in the process of locating these families through Lions Club of India and other resouces, and we hope to get the names of these people in not too distant future,

In the meantime a generous donation from you for this worthy cause shall be appreciated. The people who have been killed are our brothers and sisters. If we can't help these people who will? So please give generously. Your donation is tax deductible. Let the Indian people and Government of India know that we do really care. Sympathies and condolences are not enough.

Hope you will donate generously to Indo-Canadian relief fund,125-624-6th Street, New Westminster, B.C. Your donation is tax deductible and a receipt shall be issued on the receipt of your donation. Hopefully you will bring this letter to the attention of your readers

Yours truly,

Dr. G. S. Gill, (President).

.ਗ਼ਜ਼ਲਾਂ ਦੀ ਇਕ ਖ਼ੂਬਸੂਰਤ ਸ਼ਾਮ

ਗੁਰਦਿਆਲ ਸਿੰਘ ਰੰਧਾਵਾ

ਕਬ ਤਲਕ ਸ਼ਮ੍ਹਾਂ ਜਲੀ ਯਾਦ ਨਹੀਂ ।
ਸ਼ਾਮਿ ਗ਼ਮ ਕੈਸੇ ਢਲੀ ਯਾਦ ਨਹੀਂ ।

ਗੁਰਦਿਆਲ ਸਿੰਘ ਰੰਧਾਵਾ ਜਦ ਗ਼ਜ਼ਲ ਗਾਉਂਦੇ ਹਨ ਤਾਂ ਉਨ੍ਹਾਂ ਦੀ ਆਵਾਜ਼ ਚਾਰ ਦੀਵਾਰੀ ਦੀ ਹਵਾ ਵਿੱਚ ਮਹਿਕ ਵਾਂਗ ਭਰ ਜਾਂਦੀ ਹੈ। ਸੰਗੀਤ ਕਦੇ ਪੁਰੇ ਦੀ ਪੌਣ ਵਾਂਗ ਚੱਲਦਾ ਹੈ ਤੇ ਕਦੇ ਬੱਦਲਾਂ ਦੀ ਗਰਜ ਵਾਂਗ ਸ਼ੁਰੂ ਹੋ ਕੇ ਸੌਣ ਦੀ ਝੜੀ ਵਾਂਗ ਕਿਣਮਿਣ ਵਰ੍ਹਦਾ ਹੈ। ਸਰੋਤੇ ਭਾਵੇਂ ਕਲਾਸੀਕਲ ਸੰਗੀਤ ਸੁਣਨ ਵਾਲੇ ਹੋਣ ਤੇ ਭਾਵੇਂ ਲੋਕ ਗੀਤ, ਇਕ ਵਾਰ ਸਾਰੇ ਝੂਮ ਉਠਦੇ ਹਨ ।

ਅਜਿਹੀਆਂ ਗ਼ਜ਼ਲਾਂ ਦੀ ਇਕ ਖ਼ੂਬਸੂਰਤ ਸ਼ਾਮ 12 ਜਨਵਰੀ 1985 ਨੂੰ ਰਿਚਮਿਡ ਵਿੱਚ ਕੰਵਰਜੀਤ ਅਤੇ ਅਨੀਤਾ ਸੰਧੂ ਦੇ ਘਰ ਮਨਾਈ ਗਈ। ਕੋਈ 80 - 90 ਦੇ ਕਰੀਬ ਸਰੋਤੇ ਇਕ ਵਜੇ ਤੱਕ ਵੰਨ ਸੁਵੰਨੀਆਂ ਗ਼ਜ਼ਲਾਂ ਸੁਣਦੇ ਰਹੇ ਵੈਨਕੂਵਰ ਦੇ ਜਾਣੇ ਪਛਾਣੇ ਤਬਲਾਵਾਦਕ ਰਾਮੇਸ਼ ਭੰਬਲ ਨੇ ਗ਼ਜ਼ਲਾਂ ਦੀ ਸੰਗਤ ਕੀਤੀ । ਇਸ ਗ਼ਜ਼ਲ-ਸ਼ਾਮ ਦਾ ਪ੍ਰਬੰਧ ਨਰਿੰਦਰ ਭਾਗੀ ਅਤੇ ਕਰਨੈਲ ਮਾਨ ਦੇ ਯਤਨਾਂ ਨਾਲ ਹੋਇਆ ।

ਰੰਧਾਵਾ ਜੀ ਹੋਰਾਂ ਨੇ ਭਾਰਤ ਵਿੱਚ ਸੰਗੀਤ ਦੇ ਪ੍ਰਸਿੱਧ ਇੰਸਟੀਚਿਊਟ, ਮੈਰਿਸ ਮਿਊਜ਼ਿਕ ਕਾਲਜ ਲਖਨਊ ਤੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਇਸ ਕਾਲਜ ਤੋਂ ਹੀ ਕਈ ਹੋਰ ਚੋਟੀ ਦੇ ਸੰਗੀਤਕਾਰਾਂ, ਤਲਤ ਮਹਿਮੂਦ, ਸਮਨ ਜਗਮੋਹਨ, ਭੂਪਿੰਦਰ ਅਤੇ ਰਾਜਿੰਦਰ/ਨੀਨਾ ਮਹਿਤਾ ਆਦਿ ਨੇ ਵੀ ਸਿੱਖਿਆ ਪ੍ਰਾਪਤ ਕੀਤੀ । ਭਾਰਤ ਵਿੱਚ ਰੰਧਾਵਾ ਸਾਹਿਬ ਆਲ ਇੰਡੀਆ ਰੇਡੀਓ ਅਤੇ ਜਲੰਧਰ ਦੂਰ ਦਰਸ਼ਨ ਟੈਲੀਵੀਜ਼ਨ ਪ੍ਰੋਗਰਾਮਾਂ ਤੇ ਗ਼ਜ਼ਲਾਂ ਪੇਸ਼ ਕਰਦੇ ਹਨ । ਪਿੱਛੇ ਜਿਹੇ ਇਹਨਾਂ ਨੇ ਪਾਕਿਸਤਾਨ ਦੇ ਪ੍ਰਸਿੱਧ ਗਾਇਕ ਗੁਲਾਮ ਅਲੀ ਨਾਲ ਰਲ ਕੇ ਇਕ ਪ੍ਰੋਗਰਾਮ ਇੰਗਲੈਂਡ ਵਿੱਚ ਵੀ ਪੇਸ਼ ਕੀਤਾ ।

ਗ਼ਜ਼ਲ ਦੀਆਂ ਧੁਨਾਂ ਉਹ ਅਕਸਰ ਆਪ ਹੀ ਕੰਪੋਜ਼ ਕਰਦੇ ਹਨ। ਉਨ੍ਹਾਂ ਦੀਆਂ ਕੰਪੋਜ਼ੀਸ਼ਨਾਂ ਵਿੱਚ ਇਕ ਖਾਸ ਨਾਟਕੀ ਅੰਦਾਜ਼ ਹੁੰਦਾ ਹੈ ਜਿਸ ਨੂੰ ਉਹ ਨਾਟਕੀ ਢੰਗ ਨਾਲ ਹੀ ਗਾਉਂਦੇ ਹਨ। ਉਨ੍ਹਾਂ ਦੀ ਭਰਵੀਂ ਆਵਾਜ਼ ਨੀਵੀਂਆਂ ਤੋਂ ਨੀਵੀਂਆਂ ਅਤੇ ਉਚੀਆਂ ਸੁਰਾਂ ਵਿੱਚ ਵੀ ਉਸੇ ਤਰ੍ਹਾਂ ਰਸੀਲੀ ਰਹਿੰਦੀ ਹੈ। ਸਿੱਧੀ ਸਾਦੀ ਤੁਰੀ ਜਾ ਰਹੀ ਗ਼ਜ਼ਲ ਨੂੰ ਉਹ ਅਚਾਨਕ ਕਲਾਸਕੀ ਛੋਹਾਂ ਦੇ ਜਾਂਦੇ ਹਨ ਜੋ ਸਰੋਤਿਆਂ ਦੇ ਮਨਾਂ ਨੂੰ ਵਿਸ਼ਵਾਦ ਦੀਆਂ ਛੋਹਾਂ ਲਾ ਜਾਂਦੀਆਂ ਹਨ । ਉਨ੍ਹਾਂ ਦੀਆਂ ਗ਼ਜ਼ਲਾਂ ਦੀ ਚੋਣ ਵੀ ਪ੍ਰਭਾਵਸ਼ਾਲੀ ਹੁੰਦੀ ਹੈ - ਗ਼ਜ਼ਲਾਂ ਜ਼ਿਆਦਾ ਤਰ ਛੋਟੀ ਬਹਿਰ ਦੀਆਂ ਹੁੰਦੀਆਂ ਹਨ ਤੇ ਨਵੀਂਆਂ । ਕਵਿਤਾ ਵਿੱਚ ਦਿਲਚਸਪੀ ਰੱਖਣ ਵਾਲੇ ਲੋਕ ਗ਼ਜ਼ਲ ਦੇ ਬੋਲਾਂ ਵਿੱਚ ਤਾਜ਼ਗੀ ਮਹਿਸੂਸ ਕਰਦੇ ਹਨ:

ਮੇਰਾ ਕਿਆ ਹੈ ਰੰਗ ਨਾ ਬੂ
ਫੂਲ ਭੀ ਤੂ ਖ਼ੁਸ਼ਬੂ ਭੀ ਤੂ



ਉਹਨਾਂ ਦੀਆਂ ਬਹੁਤੀਆਂ ਗ਼ਜ਼ਲਾਂ ਸਾਦੀ ਤੇ ਖ਼ੂਬਸੂਰਤ ਜ਼ੁਬਾਨ ਵਿੱਚ ਲਿਖੀਆਂ ਹੁੰਦੀਆਂ ਹਨ ਜਿੰਨ੍ਹਾਂ ਨੂੰ ਹਰ ਪੱਧਰ ਦਾ ਸਰੋਤਾ ਮਾਣ ਸਕਦਾ ਹੈ।

"ਹੱਸ ਕੇ ਬੋਲਾ ਕਰੋ ਬੁਲਾਇਆ ਕਰੋ ।
ਘਰ ਤੁਮ੍ਹਾਰਾ ਹੈ ਆਇਆ ਜਾਇਆ ਕਰੋ ।"

ਰੰਧਾਵਾ ਜੀ ਦਾ ਵਾਪਸੀ ਪ੍ਰੋਗਰਾਮ ਜਨਵਰੀ ਦੇ ਅੰਤ ਉਤੇ ਸੀ । ਪਰ ਕੁੱਝ ਹੋਰ ਪ੍ਰੋਗਰਾਮਾਂ ਦੀ ਫਰਮਾਇਸ਼ ਕਾਰਨ ਉਹ ਸ਼ਾਇਦ ਦੋ ਤਿੰਨ ਮਹੀਨੇ ਹੋਰ ਕੈਨੇਡਾ ਵਿੱਚ ਅਟਕ ਜਾਣ। ਜੇ ਕੋਈ ਸਭਾ ਸੁਸਾਇਟੀ ਜਾਂ ਵਿਅਕਤੀ ਉਹਨਾਂ ਦਾ ਪ੍ਰੋਗਰਾਮ ਕਰਵਾਉਣ ਵਿੱਚ ਦਿਲਚਸਪੀ ਰੱਖਦੇ ਹੋਣ ਤਾਂ **270-0488** ਤੇ ਫੋਨ ਕਰ ਸਕਦੇ ਹਨ ।

- ਅਜਮੇਰ ਰੋਡੇ -

ਸਵਰਨ ਸਿੰਘ ਅਤੇ ਭਾਟੀਆ 'ਚ ਮੀਟਿੰਗ

ਜਲੰਧਰ: ਪੰਜਾਬ ਕਾਂਗਰਸ ਦੇ ਪ੍ਰਧਾਨ ਰਘੂਨੰਦਨ ਲਾਲ ਭਾਟੀਆ ਨੇ ਅੱਜ ਇਥੇ ਸਾਬਕਾ ਕੇਂਦਰੀ ਵਿਦੇਸ਼ ਮੰਤਰੀ ਸਵਰਨ ਸਿੰਘ ਨਾਲ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਇਕ ਘੰਟਾ ਗੱਲਬਾਤ ਕੀਤੀ । ਸਵਰਨ ਸਿੰਘ ਨੇ ਪਿਛਲੇ ਸਾਲ ਅਕਾਲੀ ਦਲ ਅਤੇ ਕੇਂਦਰ ਸਰਕਾਰ ਵਿਚਾਲੇ ਪੰਜਾਬ ਮਸਲੇ ਦੇ ਹੱਲ ਬਾਰੇ ਵਿਚੋਲਗਿਰੀ ਕੀਤੀ ਸੀ ਅਤੇ ਮਸਲੇ ਨੂੰ ਕਾਫੀ ਹੱਦ ਤਕ ਨਿਬੇੜੇ ਦੇ ਨੇੜੇ ਲੈ ਆਂਦਾ ਸੀ ।

ਸੂਝ ਬੂਝ ਦੀਆਂ ਗੱਲਾਂ ਛਡੋ, ਬੇਸਮਝਿਆਂ ਦਾ ਜ਼ਿਕਰ ਕਰੋ,
ਦੁਨੀਆਂ ਨੂੰ ਜੋ ਕਮਲੇ ਜਾਪਣ, ਚੰਗੇ ਨੇ ਦੀਵਾਨੇ ਲੋਕ ।

ਜਸਬੀਰ ਸਿੰਘ ਸਰਨਾ ਦੀਆਂ ਨਜ਼ਮਾਂ

ਅਦਾਲਤ


ਇਨਸਾਫ ਦੀ ਜਾਦੂਗਰਨੀ
ਕੱਟ ਕੇ ਸੱਚ ਦੇ ਬੱਚੇ ਦੀ ਜੀਭ
ਰੁਸ਼ਵੱਤ ਦਾ ਕਾਗਜ਼ ਫੜ੍ਹ ਕੇ ਆਖ ਰਹੀ
ਮੈਂ ਤਾਂ ਸਿਰਫ ਫੈਸਲਾ ਕੀਤਾ ਹੈ !

ਪੰਦਰ੍ਹਾਂ ਅਗਸਤ

ਇਹ ਸਿਰਫ ਫਾਹੇ ਲਾਣ ਵਾਲਾ ਦਿਨ ਨਹੀਂ
ਜਿਵੇਂ ਕਿ ਮੇਰੀ ਬੁੱਢੜੀ ਦਾਦੀ ਆਖਦੀ ਹੈ
ਨ ਅਰਥ ਭਰਪੂਰ ਹੈ
ਜਿਵੇਂ ਨੇਤਾ ਮੰਨਦੀ
ਇਹ ਤਾਂ ਇਕ ਫੁੱਲ ਸੂਹਾ
ਜੋ ਲਹੂ 'ਚ ਉਗਦਾ
ਆਣ ਵਾਲੀਆਂ ਪੀੜ੍ਹੀਆਂ ਲਈ ਖੁਸਬੋਅ ਵੰਡਦਾ
ਤੇ ਇਸ ਦੇ ਪਿਛੇ ਬੇਤਰਤੀਬੀ ਪੌਣਾਂ ਦੇ ਹਮਲੇ
ਲਗਾਤਾਰ ਤੁਰਦੇ ਰਹਿੰਦੇ ..... !!

ਰੋਟੀ

ਪਾਣੀ ਹੀ ਪਾਣੀ ਅੰਦਰ
ਇਕ ਨਿੱਕਾ ਜਿਹਾ ਟਾਪੂ
ਇਕ ਨਿਕਾ ਜਿਹਾ ਟਾਪੂ
ਇਸ ਟਾਪੂ ਕੋਲ
ਵਿਲਕਦਾ ਹੈ ਜਾਣ ਲਈ "ਗ" ਸ਼ਬਦ
ਇਸ ਟਾਪੂ ਨੂੰ ਪੈਰਾਂ ਹੇਠਠ ਲਤਾੜਦਾ "ਅ" ਸ਼ਬਦ
ਪਰ ਸਮਿਆਂ ਨੇ ਏਸ ਦੀ ਪਿਠ ਉਪਰ
ਯੁਧ ਦੇ ਪੈਗਾਮ ਦੇ ਇਸ਼ਤਿਹਾਰ ਲਾਏ ਨੇ
ਤੇ ਟਾਪੂ ਦੇ ਚੁਗਿਰਦੇ ਅਸੀਂ
ਜੰਗ ਹੁੰਦੀ ਵੇਖਦੇ ਨਿੱਤ
ਪਰ ਸ਼ਹੀਦ ਹੋਏ ਸ਼ਬਦਾਂ ਦੀ
ਸ਼ਨਾਖਤ ਨ ਕੋਈ
ਪਾਣੀ ਹੀ ਪਾਣੀ ਅੰਦਰ
ਇਕ ਨਿਕਾ ਜਿਹਾ ਟਾਪੂ
ਇਕ ਨਿਕਾ ਜਿਹਾ ਟਾਪੂ



SUPER STAR PLUMBING & ELECTRICAL HEATING SUPPLY LTD.

4270 Fraser Street, Vancouver, B.C.

Phone: 874-0511

ਆਪਣੀਆਂ ਹਰ ਤਰ੍ਹਾਂ ਦੀਆਂ ਪਲੰਬਿੰਗ ਅਤੇ ਬਿਜਲੀ ਦੇ ਸਮਾਨ ਆਦਿ ਦੀਆਂ ਲੋੜਾਂ ਲਈ ਹਮੇਸ਼ਾਂ ਸੁਪਰਸਟਾਰ ਪਲੰਬਿੰਗ ਵਾਲਿਆਂ ਨੂੰ ਯਾਦ ਰੱਖੋ । ਐਸਟੀਮੇਟ ਮੁਫਤ ਦਿੱਤਾ ਜਾਂਦਾ ਹੈ ।

Gurdial Singh (Gaddey) 874-0511

ਲਿਬਰਲ ਪਾਰਟੀ ਲੀਡਰ ਜੌਹਨ ਟਰਨਰ ਵਲੋਂ ਭਾਰਤੀ ਕਮਿਊਨਿਟੀ ਵਿਚ ਹਿੰਸਾਤਮਕ ਘਟਨਾਵਾਂ ਦੀ ਨਿਖੇਧੀ

Ottawa, Ontario
KlA 0A6

December ll, 1984

Dear Sandhu Family:

Thank you for your recent letter in which you describe the tensions that exist presently within the Indo-Canadian Community.

Like you, I deplore the violence, even terror, that has erupted in recent weeks. No Canadian should be subjected to such conditions.

I wish to assure you that my Party will urge the restoration of good relations between the Indo-Canadian Communities while also helping to prevent violence to all Canadian residents.

I have referred your letter to the appropriate committee of caucus for discussion, as well as to the Official Opposition Critic for multiculturalism. Your assessment of the problem will be of considerable aid in dealing with it.

With best wishes.

Sincerely,

Sd. - John Turner

ਵਰ ਦੀ ਲੋੜ

ਇਕ ਪੜ੍ਹੀ ਲਿਖੀ ਅਤੇ ਸੁਸ਼ੀਲ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਦੀ ਉਮਰ 20 ਸਾਲ, ਕੱਦ 5 ਫੁੱਟ 5 ਇੰਚ ਹੈ ਅਤੇ ਜੱਸਲ ਪ੍ਰਵਾਰ ਨਾਲ ਸਬੰਧਤ ਹੈ। ਇਸ ਸਮੇਂ ਬੀ. ਸੀ. ਆਈ. ਟੀ. ਵਿਚ ਕੋਰਸ ਕਰ ਰਹੀ ਹੈ। ਪੰਜਾਬ/ਦਿੱਲੀ ਨਾਲ ਸਬੰਧਤ ਵਰ ਨੂੰ ਤਰਜੀਹ ਦਿਤੀ ਜਾਵੇਗੀ। ਆਪਣੀ ਜਾਣਕਾਰੀ ਤੇ ਪਤਾ ਇਸ ਐਡਰੈਸ ਤੇ ਭੇਜੋ :

H.S.S. (1065)
C/o The Canada Darpan
Box 67344 STN. 0
Vancouver, B.C.

ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ ਦੀ ਛੋਟੇ ਬੱਚਿਆਂ ਦੀ ਟੀਮ ਵਲੋਂ ਭੰਗੜੇ ਦੇ ਮੋਢੀ ਮੈਂਬਰਾਂ ਦਾ ਸਨਮਾਨ

16 ਦਸੰਬਰ ਦਿਨ ਐਤਵਾਰ ਨੂੰ ਸ਼ਾਮ ਦੇ 7 ਵਜੇ ਰਿਚਮਿੰਡ ਈਸਟ ਕਮਿਊਨਿਟੀ ਸੈਂਟਰ ਵਿਚ ਇਕ ਪ੍ਰੋਗਰਾਮ ਕੀਤਾ ਗਿਆ। ਜਿਸ ਵਿਚ 150 ਤੋਂ ਵੱਧ ਪ੍ਰਵਾਰਾਂ ਨੇ ਹਿਸਾ ਲਿਆ। ਇਹ ਸਮਾਗਮ ਪਾਲ ਬਿਨਿੰਗ ਵਲੋਂ ਜੋ ਭੰਗੜੇ ਦੀ ਛੋਟੀ ਟੀਮ ਦਾ ਇਨਚਾਰਜ਼ ਹੈ। ਰੱਖਿਆ ਗਿਆ ਪ੍ਰੋਗਰਾਮ ਦੇ ਸ਼ੁਰੂ ਵਿਚ ਤਰਸੇਮ ਸਹੋਤੇ ਨੇ ਸਭ ਪ੍ਰਵਾਰਾਂ ਦਾ ਪ੍ਰੋਗਰਾਮ ਤੇ ਆਉਣ ਲਈ ਸੁਆਗਤ ਕੀਤਾ ਉਸ ਤੋਂ ਮਗਰੋਂ ਕੁੱਝ ਗੀਤ ਸੰਗੀਤ ਹੋਇਆ ਜਿਸ ਵਿਚ ਜਸਵਿੰਦਰ,ਲਾਲੀ,ਬਲਵਿੰਦਰ, ਰੋਡੇ ਅਤੇ ਸਰਦਾਰ ਸੇਵਾ ਸਿੰਘ ਬੁਜ਼ਰੁਗ ਨੇ ਹਿੱਸਾ ਲਿਆ, ਇਸਤੋਂ ਬਾਅਦ ਵੈਨਕੂਵਰ ਦੇ ਦੋ ਉਘੇ ਕਲਾਕਾਰਾਂ ਪਿਆਰੇ ਲਾਲ ਢੋਲੀ ਅਤੇ ਦਵਿੰਦਰ ਹੁੰਡਲ ਦਾ ਸਨਮਾਨ ਕੀਤਾ ਗਿਆ ਇਸਤੋਂ ਮਗਰੋਂ ਕੁਲਵਿੰਦਰ ਨੀਲ ਨੇ ਭੰਗੜੇ ਦਾ ਪਿਛੋਕੜ ਦਸਦੇ ਹੋਏ ਇਥੋਂ ਵਸਦੀ ਆਪਣੀ ਕਮਿਊਨਟੀ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਆਪਣੇ ਕਲਚਰ ਨੂੰ ਜੀਉਂਦਿਆਂ ਰੱਖਣ ਵਿਚ ਮੱਦਦ ਕਰਨੀ ਚਾਹੀਦੀ ਹੈ। ਇਸਦੇ ਨਾਲ ਹੀ ਪਾਲ ਬਿੰਨਿੰਗ ਨੂੰ ਛੋਟੇ ਬੱਚਿਆਂ ਨੂੰ ਭੰਗੜੇ ਦੀ ਸਿਖਲਾਈ ਲਈ ਇਕ ਵਧੀਆ ਉਦਮ ਕਰਨ ਕਰਕੇ ਇਕ ਬੱਚਿਆਂ ਦੀ ਟੀਮ ਵਲੋਂ ਸ਼ੀਲਡ ਪੇਸ਼ ਕੀਤੀ ਗਈ ਨਿੱਕੀ ਸਹੋਤੇ ਨੇ ਭੰਗੜੇ ਦੀਆਂ ਵਰਦੀਆਂ ਲਈ ਜਸ ਵਿੰਨਿਗ ਅਤੇ ਗੁਰਮੇਜ਼ ਕੌਰ ਦਾ ਧੰਨਵਾਦ ਕੀਤਾ, ਛੋਟੇ ਬੱਚਿਆਂ ਦਾ ਕੁੱਝ ਮਿੰਨਟਾਂ ਲਈ ਭੰਗੜਾ ਪੇਸ਼ ਕੀਤਾ ਗਿਆ ਅਖੀਰ ਵਿਚ ਭੰਗੜੇ ਦੇ ਮੋਢੀ ਮੈਂਬਰਾਂ ਸਾਧੂ, ਮਹਿੰਦਰ ਸੁਮਲ, ਰਘਬੀਰ ਢੰਡ, ਕੁਲਵਿੰਦਰ ਨੀਲ, ਹਰੀਪਾਲ ਰਨਧਾਵਾ, ਜਜ਼ਲ ਬੈਂਸ, ਬਲਵੀਰ ਬੈਂਸ ਦਾ ਸਨਮਾਨ ਕੀਤਾ ਗਿਆ। ਅਖੀਰ ਵਿਚ ਮੁਹਿੰਦਰ ਸੁਮਲ ਸਾਧੂ ਨੇ ਆਪਣੇ ਆਪਣੇ ਵਿਚਾਰ ਦੱਸੇ ਅਤੇ ਚਾਹ ਅਤੇ ਪਕੌੜਿਆਂ ਨਾਲ ਇਸ ਸਮਾਗਮ ਦਾ ਅੰਤ ਹੋਇਆ।

ਭੁਪਾਲ ਦੀਆਂ ਆਉਣ ਵਾਲੀਆਂ ਨਸਲਾ ਵੀ ਗੈਸ ਦੇ ਅਸਰਾਂ ਤੋਂ ਪੀੜਤ ਹੋਣਗੀਆਂ

ਲਖਨਊ: (ਯੂ. ਐਨ. ਆਈ.) — ਭੁਪਾਲ 'ਚ ਗੈਸ ਲੀਕ ਕਰ ਜਾਣ ਵਾਲੇ ਹਾਦਸੇ ਦੇ ਨਤੀਜੇ ਵਜੋਂ ਜ਼ਹਿਰੀਲੀ ਗੈਸ ਨਾ ਕੇਵਲ ਹਜ਼ਾਰਾਂ ਲੋਕਾਂ ਲਈ ਜਾਨ ਲੇਵਾ ਹੀ ਸਾਬਤ ਹੋਈ ਹੈ ਸਗੋਂ ਭੁਪਾਲ ਵਾਸੀਆਂ ਦੀਆਂ ਆਉਣ ਵਾਲੀਆਂ ਨਸਲਾ ਲਈ ਵੀ ਘਾਤਕ ਸਾਬਤ ਹੋਵੇਗੀ।

ਇਸ ਗੱਲ ਦਾ ਪ੍ਰਗਟਾਵਾ ਪ੍ਰੋ. ਜੀ. ਕੇ. ਮਾਨਾ ਵਲੋਂ ਇਥੇ ਕਰਵਾਏ ਜਾ ਰਹੇ ਇੰਡੀਅਨ ਸਾਇੰਸਜ਼ ਸੈਮੀਨਰ ਸਮੇਂ ਆਪਣੇ ਲੈਕਚਰ ਅੰਦਰ ਕੀਤਾ ਗਿਆ।

ਪ੍ਰੋ. ਮਾਨਾ ਨੇ ਦਸਿਆ ਕਿ ਗੈਸ ਕਾਰਨ ਮਨੁੱਖੀ ਸਰੀਰ ਉਪਰ ਪੈਣ ਵਾਲੇ ਅਸਰਾਂ ਦੀ ਵਿਆਪਕ ਜਾਂਚ ਪੜਤਾਲ ਕਰਨ ਦੇ ਕੰਮ ਨੂੰ ਤਾਂ ਅਜੇ ਲੰਮਾ ਸਮਾਂ ਲਗੇਗਾ ਪ੍ਰੰਤੂ ਇਤਨੀ ਗੱਲ ਹੋਣ ਤਕ ਦੀ ਜਾਂਚ ਪੜਤਾਲ ਤੋਂ ਹੀ ਸਾਹਮਣੇ ਆ ਚੁਕੀ ਹੈ ਕਿ ਗੈਸ ਹਾਦਸੇ ਦੇ ਨਤੀਜੇ ਵਜੋਂ ਭੁਪਾਲ ਵਾਸੀਆਂ ਦੀ ਅਗਲੀ ਪੀੜ੍ਹੀ ਵੀ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਮਾਪਿਆਂ ਦੇ ਨਾਲ ਹੀ ਪੀੜਤ ਰਹੇਗੀ।

ਉਨ੍ਹਾਂ ਦਸਿਆ ਕਿ ਭੁਪਾਲ 'ਚ ਗੈਸ ਹਾਦਸੇ ਕਾਰਨ ਮਨੁਖੀ ਜੀਵਨ ਅਤੇ ਆਲੇ ਦੁਆਲੇ 'ਤੇ ਪੈਣ ਵਾਲੇ ਅਸਰਾਂ ਦੀ ਭਿਆਨਕਤਾ ਦਾ ਅੰਦਾਜ਼ਾ ਇਨ੍ਹਾਂ ਤੱਥਾਂ ਤੋਂ ਲਗਾਇਆ ਜਾ ਸਕਦਾ ਹੈ ਕਿ ਗੈਸ ਕਾਰਨ ਬੈਂਗਣਾਂ ਦੇ ਰੰਗ ਬਦਲ ਗਏ; ਦਰਖਤਾਂ 'ਤੇ ਪਤਝੜ ਆ ਗਈ ਅਤੇ ਦੁਧਾਰੂ ਪਸ਼ੂਆਂ ਤੇ ਇਤਨਾ ਬੁਰਾ ਅਸਰ ਪਿਆ ਕਿ ਜਿਹੜੇ ਪਸ਼ੂ ਹਾਦਸੇ ਤੋਂ ਪਹਿਲਾਂ 8-8, 10-10 ਕਿਲੋ ਦੁੱਧ ਦਿੰਦੇ ਸਨ, ਉਨ੍ਹਾਂ ਮੱਝਾਂ-ਗਾਵਾਂ ਦਾ ਦੁੱਧ ਸੁੱਕ ਕੇ ਅੱਧੇ ਕਿਲੋ ਤੋਂ ਵੀ ਹੇਠਾਂ ਆ ਗਿਆ।

ਭਾਰਤੀ ਖੇਤੀ ਖੋਜ ਇੰਸਟੀਚਿਊਟ ਦੇ ਅਧਿਕਾਰੀ ਡਾ. ਐਨ. ਕੇ. ਰਾਏ- ਜਿਨ੍ਹਾਂ ਵਲੋਂ ਭੁਪਾਲ ਦੀ ਯੂਨੀਅਨ ਕਾਰਬਾਈਡ ਫੈਕਟਰੀ ਤੋਂ ਤਿੰਨ-ਤਿੰਨ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਤਿੰਨਾਂ ਪਿੰਡਾਂ ਵਿਚ ਗੈਸ ਹਾਦਸੇ ਦੇ ਕਾਰਨ ਸਬਜ਼ੀਆਂ ਅਤੇ ਹੋਰ ਖੇਤੀ ਵਸਤਾਂ 'ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਦਾ ਅਧਿਐਨ ਕੀਤਾ ਹੈ-ਨੇ ਸੈਮੀਨਾਰ ਦੌਰਾਨ ਦਸਿਆ ਕਿ ਗੈਸ ਕਾਰਨ ਮੇਥੀ, ਬੈਂਗਣਾ ਅਤੇ ਟਮਾਟਰ ਵਗੈਰਾ ਸਬਜ਼ੀਆਂ 'ਤੇ ਬਹੁਤ ਹੀ ਬੁਰਾ ਅਸਰ ਪਿਆ ਹੈ। ਸਰਸੋਂ, ਫੁੱਲ ਗੋਭੀ ਅਤੇ ਬੰਦ ਗੋਭੀ ਆਦਿ ਸਬਜ਼ੀਆਂ ਵੀ ਨੁਕਸਾਨ ਤੋਂ ਬਚੀਆਂ ਨਹੀਂ ਰਹੀਆਂ। ਪ੍ਰੰਤੂ ਅੰਬ ਅਤੇ ਕੇਲੇ ਦੇ ਪੇੜਾਂ 'ਤੇ ਗੈਸ ਦਾ ਕੋਈ ਅਸਰ ਨਹੀਂ ਹੋਇਆ।

ਉਨ੍ਹਾਂ ਦਸਿਆ ਕਿ ਗੈਸ ਦਾ ਅਸਰ ਇਤਨਾ ਜ਼ਿਆਦਾ ਭਿਆਨਕ ਸੀ ਕਿ ਬਹੁਤ ਸਾਰੇ ਜਾਨਵਰ ਅਤੇ ਮਨੁੱਖ ਤਾਂ ਗੈਸ ਫੈਲਣ ਦੇ ਤਿੰਨ ਮਿੰਟਾਂ ਦੇ ਅੰਦਰ ਅੰਦਰ ਹੀ ਦਮ ਤੋੜ ਗਏ ਜਦੋਂ ਕਿ ਮੁਰਗੀਆਂ ਤੇ ਕੋਈ ਅਸਰ ਨਹੀਂ ਹੋਇਆ।

ਨਜ਼ਰਬੰਦਾਂ ਨੂੰ ਰਿਹਾ ਕਰਨ 'ਚ ਸਰਕਾਰ ਵਲੋਂ ਹੀਲ-ਹੁੱਜਤ

ਬਰਨਾਲਾ, (ਪੱਤਰ ਪ੍ਰੇਰਕ): ਜਿਨ੍ਹਾਂ ਨਜ਼ਰਬੰਦਾਂ ਦੀ ਰਿਹਾਈ ਦੀ ਜੁਡੀਸ਼ਅਲ ਟ੍ਰਿਬਿਊਨਲ ਸਿਫਾਰਸ਼ ਕਰਦਾ ਹੈ, ਪੰਜਾਬ ਸਰਕਾਰ ਉਨ੍ਹਾਂ ਬੰਦੀਆਂ ਨੂੰ ਵੀ ਛੱਡਣ ਤੇ ਹੀਲ-ਹੁੱਜਤ ਕਰਦੀ ਹੈ। ਪਤਾ ਲੱਗਿਆ ਹੈ ਕਿ ਦੋ ਹਫਤੇ ਪਹਿਲਾਂ ਭਰਪੂਰ ਸਿੰਘ ਧਨੌਲਾ, ਦਰਸ਼ਨ ਸਿੰਘ ਘੱਲ, ਜੁਗਰਾਜ ਸਿੰਘ ਸਮਾਲਸਰ, ਰਾਜਿੰਦਰ ਸਿੰਘ ਧਨੌਲਾ, ਨਿਧੜਕ ਸਿੰਘ ਮੋਗਾ ਤੇ ਕਸ਼ਮੀਰ ਸਿੰਘ ਜੰਡਵਾਲਾ ਦੀ ਰਿਹਾਈ ਦੀ ਸਿਫਾਰਸ਼ ਟ੍ਰਿਬਿਊਨਲ ਨੇ ਕੀਤੀ ਸੀ। ਪਰ ਸਰਕਾਰ ਨੇ ਹੁਣ ਤਕ ਇਨ੍ਹਾਂ ਬੰਦੀਆਂ ਨੂੰ ਛੱਡਿਆ ਨਹੀਂ। ਪਤਾ ਲੱਗਿਆ ਹੈ ਕਿ ਹੋਰ ਜੇਲਾਂ ਵਿਚ ਬੰਦ ਨਜ਼ਰਬੰਦਾਂ ਨਾਲ ਵੀ ਇਹੋ ਵਰਤਾਓ ਹੋ ਰਿਹਾ ਹੈ।

ਇਸੇ ਦੌਰਾਨ ਸੰਕੇਤ ਮਿਲੇ ਹਨ ਕਿ ਸਾਰੇ ਅਕਾਲੀ ਨਜ਼ਰਬੰਦ ਸੰਗਰੂਰ ਜ਼ੇਲ੍ਹ ਵਿਚ ਇਕੱਠੇ ਕੀਤੇ ਜਾਣਗੇ ਕਿਉਂਕਿ ਇਸ ਜੇਲ੍ਹ ਤੋਂ ਦੂਜੇ ਕੈਦੀ ਹੋਰ ਜੇਲ੍ਹ ਵਿਚ ਭੇਜੇ ਜਾ ਰਹੇ ਹਨ। ਪਿੰਡ ਠੀਕਰੀਵਾਲਾ, ਮਹਿਲ ਕਲਾਂ, ਲਾਗੜੀਆਂ ਤੇ ਨਿਆਮਤ ਪੁਰਾ ਦੇ ਪੰਦਰਾਂ ਅਕਾਲੀ ਕੈਦੀਆਂ ਨੂੰ ਬਰਨਾਲਾ ਦੀ ਸਬ ਜੇਲ੍ਹ ਵਿਚ ਭੇਜ ਦਿਤਾ ਗਿਆ ਹੈ। ਜਦੋਂ ਕਿ ਇਸ ਛੋਟੀ ਜੇਲ੍ਹ ਵਿਚ ਪਹਿਲਾਂ ਹੀ ਸੌ ਤੋਂ ਉਪਰ ਕੈਦੀ ਹਨ। ਇਥੇ ਟੱਟੀਆਂ ਤੇ ਸਫਾਈ ਦਾ ਪ੍ਰਬੰਧ ਮਾੜਾ ਹੈ। ਬੈਰਕਾਂ ਘੱਟ ਹਨ ਤੇ ਉਹ ਵੀ ਅਤਿ ਖਸਤਾ ਹਾਲਤ ਵਾਲੀਆਂ।

ਸੰਗਰੂਰ ਜ਼ਿਲੇ ਵਿਚ ਇਸ ਸਮੇਂ ਦੋ ਸੌ ਕੈਦੀ ਹਨ ਜਿਨ੍ਹਾਂ ਵਿਚ 45 ਅਕਾਲੀ, 23 ਭਾਰਤੀ ਕਿਸਾਨ ਯੂਨੀਅਨ ਦੇ, ਸੱਤ ਕਿਸਾਨ ਸਭਾ ਤੇ ਕਮਿਊਨਿਸਟ ਪਾਰਟੀ ਨਾਲ ਸਬੰਧਿਤ ਕੈਦੀ ਹਨ।

ਨਾਈ (ਗਾਹਕ ਨੂੰ)—ਤੁਹਾਡੇ ਵਾਲ ਝੜਦੇ ਜਾ ਰਹੇ ਨੇ, ਕੁਝ ਇਲਾਜ ਕਰੋ ਇਹਨਾਂ ਦਾ।

ਗਾਹਕ—ਹਾਂ, ਜਨਾਬ, ਮੈਂ ਤਲਾਕ ਲੈ ਰਿਹਾ ਹਾਂ।

ਬਿਹਾਰੀ ਮੁਸਲਮਾਨਾਂ ਦੇ ਵਫਦ ਨੂੰ ਭਰੋਸਾ

ਇਸਲਾਮਾਬਾਦ: (ਰਾਇਪੁਰ) ਪਾਕਿਸਤਾਨ ਸਰਕਾਰ ਬੰਗਲਾ ਦੇਸ਼ 'ਚ ਅਟਕੇ ਹੋਏ 250000 ਬਿਹਾਰੀ ਮੁਸਲਮਾਨਾਂ ਨੂੰ ਲੈਣ ਦੇ ਮਾਮਲੇ 'ਤੇ ਹਮਦਰਦੀ ਨਾਲ ਵਿਚਾਰ ਕਰਨ ਲਈ ਤਿਆਰ ਹੈ। ਇਸ ਗੱਲ ਦਾ ਪ੍ਰਗਟਾਵਾ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਵਲੋਂ ਕਿ ਇਸ ਮਸਲੇ ਨੂੰ ਆਪਣੀ ਵਜ਼ਾਰਤ ਅਗੇ ਪੇਸ਼ ਕਰਨਗੇ ਜਿਸ ਵਲੋਂ ਕਿ ਇਸ ਮਸਲੇ ਦੇ ਸੰਬੰਧ ਵਿਚ ਜਲਦੀ ਹੀ ਕੋਈ ਨਾ ਕੋਈ 'ਵਾਜਬ ਫੈਸਲਾ' ਲਿਆ ਜਾਵੇਗਾ। ਉਹ ਅਜ ਇਥੇ ਕਰਾਚੀ ਦੇ ਬਿਹਾਰੀ ਮੁਸਲਮਾਨ ਭਾਈਚਾਰੇ ਅਤੇ ਮਿਉਂਸਪਲ ਕਮਿਸ਼ਨਰਾਂ ਦੇ ਇਕ ਵਫਦ ਦੇ ਮੈਂਬਰਾਂ ਨਾਲ ਗੱਲਬਾਤ ਕਰ ਰਹੇ ਸਨ।

ਰਜੀਵ ਵਲੋਂ ਐਨ. ਟੀ. ਆਰ. ਨੂੰ ਮਿਲਵਰਤਣ ਦਾ ਭਰੋਸਾ

ਨਵੀ ਦਿੱਲੀ (ਯੂ. ਐਨ. ਆਈ.): ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਂਧਰਾ ਪ੍ਰਦੇਸ਼ ਦੇ ਮੁਖ ਮੰਤਰੀ ਐਨ. ਟੀ. ਰਾਮਾ ਰਾਓ ਨੂੰ ਭਰੋਸਾ ਦਿਵਾਇਆ ਹੈ ਕਿ ਕੇਂਦਰ ਸਰਕਾਰ ਰਾਜ ਨੂੰ ਪੂਰੀ ਮਿਲਵਰਤਣ ਦੇਵੇਗੀ ਅਤੇ ਕਿਸੇ ਕਿਸਮ ਦਾ ਟਕਰਾਓ ਨਹੀਂ ਹੋਵੇਗਾਂ। ਸ੍ਰੀ ਰਾਮਾ ਰਾਓ ਨੇ ਰਾਜੀਵ ਗਾਂਧੀ ਨਾਲ ਮੁਲਾਕਾਤ ਕੀਤੀ ਸੀ। ਅੱਧੇ ਘੰਟੇ ਦੀ ਮੁਲਾਕਾਤ ਵਿਚ ਮੁਖੀ ਮੰਤਰੀ ਨੇ ਕਈ ਪ੍ਰਾਜੈਕਟਾਂ ਦੀ ਪਰਵਾਨਗੀ ਉਤੇ ਜ਼ੋਰ ਦਿਤਾ ਅਤੇ ਸੋਕਾ ਰਿਲੀਫ ਲਈ ਵਧੇਰੇ ਰਕਮਾਂ ਦੀ ਮੰਗ ਕੀਤੀ।

ਅਤਿ ਤੰਗੀ ਵਿਚ ਵਕਤ ਅਜਿਹਾ ਆਪਣੇ ਸਿਰ ਤੇ ਆਇਆ ਹੈ
ਭੁੱਲ ਗਏ ਯਾਰਾਂ ਨੂੰ ਆਪਣੇ ਸਭ ਜਾਣੇ ਪਹਿਚਾਣੇ ਲੋਕ।

ਜਾਨਣ ਯੋਗ ਗੱਲਾਂ

ਪਰੋਮਿਲਾ ਸ਼ਰਮਾ

* ਵਧਾਈ ਕਾਰਡ ਸੰਨ 1848 ਈ. ਵਿਚ ਸ਼ੁਰੂ ਹੋਇਆ।
* ਐਤਵਾਰ ਦੀ ਛੁੱਟੀ ਸੰਨ 1843 ਈ. ਵਿਚ ਸ਼ੁਰੂ ਹੋਈ।
* ਭਾਰਤ ਵਿਚ ਪਹਿਲਾ ਸਮਾਚਾਰ ਪੱਤਰ 29.1.1731 ਨੂੰ ਛਪਿਆ।
* ਪਹਿਲੀਆਂ ਓਲੰਪਿਕ ਖੇਡਾਂ 6.4.1896 ਨੂੰ ਯੂਨਾਨ ਦੇ ਸ਼ਹਿਰ ਏਥਨਜ਼ ਵਿਚ ਹੋਈਆਂ।
* ਭਾਰਤ ਨੇ ਪਹਿਲਾ ਕ੍ਰਿਕਟ ਮੈਚ ਸੰਨ 1932 ਵਿਚ ਇੰਗਲੈਂਡ ਵਿਚ ਇੰਗਲੈਂਡ ਦੇ ਹੀ ਵਿਰੁਧ ਖੇਡਿਆ।
* ਬਿਨਾਂ ਆਵਾਜ਼ ਦੀ ਪਹਿਲੀ ਫਿਲਮ 1913 ਵਿਚ 'ਆਲਮ ਆਰਾ' ਬਣੀ।
* ਆਵਾਜ਼ ਵਾਲੀ ਪਹਿਲੀ ਫਿਲਮ 1931 ਵਿਚ 'ਹਰਿਸ਼ਚੰਦਰ' ਤਿਆਰ ਹੋਈ।
* 'ਤਾਰਪੀਡੋ' ਨਾਂ ਦੀ ਮੱਛੀ ਵਿਚੋਂ ਕਰੰਟ ਨਿਕਲਦਾ ਹੈ। ਇਹ ਐਟਲਾਂਟਿਕ ਮਹਾਸਾਗਰ ਵਿਚ ਮਿਲਦੀ ਹੈ।
* 'ਇੱਲ ਮੱਛੀ' 450 ਤੋਂ 700 ਵਾਟ ਦੀ ਬਿਜਲੀ ਪੈਦਾ ਕਰ ਸਕਦੀ ਹੈ ਜਿਸ ਦੇ ਨਾਲ 100-100 ਵਾਟ ਦੇ 6 ਬੱਲਬ ਜਗ ਸਕਦੇ ਹਨ।
* ਤਿੱਬਤ ਦੇ ਲੋਕ ਪੰਜ ਦਿਨ ਦਾ ਇਕ ਹਫਤਾ ਮਨਾਉਂਦੇ ਹਨ।
* ਯੂਕਰੇਨ ਵਿਚ ਇਕ ਗਫ਼ਾ ਹੈ ਜਿਸ ਦੀ ਲੰਬਾਈ 10 ਕਿਲੋਮੀਟਰ ਹੈ

ABLE TOOL RENTALS

325-4112 325-6711



OPEN 7 DAYS A WEEK - WEEKDAYS OPEN AT 7:30 A.M.

ਸਾਡੇ ਕੋਲੋਂ ਹਰ ਕਿਸਮ ਦੇ ਘਰਾਂ ਦੀ ਮੁਰੰਮਤ ਕਰਨ ਵਾਲੇ ਗਾਰਡਨਿੰਗ ਵਾਲ, ਪਲੰਬਿੰਗ ਵਾਲੇ ਤੇ ਬਿਜਲੀ ਦਾ ਕੰਮ ਕਰਨ ਵਾਲੇ ਸੰਦ ਹਨ। ਅਸੀਂ ਤੁਹਾਨੂੰ ਇਹ ਵੀ ਦੱਸ ਸਕਦੇ ਹਾਂ ਕਿ ਇਹ ਸੰਦ ਕਿਸ ਤਰ੍ਹਾਂ ਵਰਤਣੇ ਹਨ। ਇੱਕ ਵਾਰ ਆ ਕੇ ਦੇਖੋ ਤੇ ਸੇਵਾ ਦਾ ਮੌਕਾ ਦਿਓ।

CONTRACTORS — INDUSTRIAL — HOME OWNERS
MANY ITEMS NOT LISTED — PLEASE CALL US — DELIVERY & PICK UP AVAILABLE

VISA
AMPLE PARKING AT REAR ENTRANCE
45th & Fraser — 6106 Fraser Street, Vancouver
MasterCard

ਵਿਚਾਰ ਆਪੋ ਆਪਣੇ

ਗੁਰੂ ਘਰਾਂ ਵਿੱਚ ਚੋਣਾਂ ਦੀ ਥਾਂ ਸਰਬ ਸੰਮਤੀ ਨਾਲ ਸੇਵਾਦਾਰ ਥਾਪੇ ਜਾਣ

੧ਓ ਵਾਹਿਗੁਰੂ ਜੀ ਕੀ ਫਤਹਿ

ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ
ਸਭੇ ਸਾਂਝੀਵਾਲ ਸਦਾਇਨਿ ਤੂ ਕਿਸੇ ਨ ਦਿਸਹਿ ਬਹਰਾ ਜੀਓ

ਪ੍ਰੇਮ ਸਤਿਕਾਰ ਯੋਗ ਖਾਲਸਾ ਜੀਓ, ਵਾਹਿਗੁਰੂ ਜੀ ਕੀ ਫਤਹਿ। ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਜੀ 8000 ਰਾਸ ਸਟਰੀਟ ਵੈਨਕੂਵਰ ਦੇ ਤਿਆਗੀ ਬਿਰਾਗੀ ਨਿਸ਼ਕਾਮ ਸੇਵਕ ਤੇ ਗੁਰੂ ਕੇ ਕੂਕਰ ਕਹਾਉਣ ਵਾਲੇ ਤੇ ਪੰਜਾਬੀ ਬੋਲੀ ਦੇ ਮਦਈ ਤੇ ਸ਼ਕਲੋਂ ਸੂਰਤ ਦੋਂ ਗੁਰਮੁਖ ਦਿਸਣ ਵਾਲੇ ਪ੍ਰੇਮੀ ਨੇਮੀ ਸੇਵਾਦਾਰਾਂ ਦੀ ਤਿਆਗ ਤੇ ਨਿਸਕਾਮ ਸੇਵਾ ਦੀ (ਜਾਣੀ ਕਿ ਧਕੇ ਨਾਲ ਆਪਣੀ ਜੁੰਡਲੀ ਦਾ ਕਬਜਾ ਪਕਾ ਕਰਨ) ਕਹਾਣੀ ਇਸ ਪੱਤਰ ਵਿਚ ਲਿਖਕੇ ਸੰਗਤਾਂ ਦੇ ਚਰਨਾਂ ਵਿਚ ਭੇਜੀ ਜਾ ਰਹੀ ਹੈ, ਇਹ ਕਹਾਣੀ ਹਡ ਬੀਤੀ ਹੈ। ਹੇਠਾਂ ਦੋ ਪੈਰਿਆਂ ਵਿਚ ਕੁਝ ਪੁਰਾਣੀ ਵਾਕਫੀਅਤ ਦੇ ਕੇ ਫਿਰ ਧਕੇ ਸ਼ਾਹਾਂ ਦਾ ਹਾਲ ਲਿਖੂੰਗਾ।

1954 ਦੇ ਸ਼ੁਰੂ ਵਿਚ ਦਾਸ ਕੈਨੇਡਾ ਆਇਆ ਸੀ ਇਥੇ ਆਕੇ ਦੇਖਿਆ ਕਿ ਹਰਇਕ ਰੋਡਾ ਬੰਦਾ ਗੁਰੂ ਮਹਾਰਾਜ ਦੀ ਹਜੂਰੀ ਵਿਚ ਨੰਗੇ ਸਿਰ ਆਉਂਦਾ ਸੀ। ਦਾਸ ਨੇ ਦੋ ਸਾਲ 1945 ਤੋਂ 1947 ਤਕ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਧਾਰਮਿਕ ਵਿਦਿਆ ਪ੍ਰਾਪਤ ਕੀਤੀ ਸੀ ਸੋ ਗੁਰੂ ਘਰਦੀ ਬਿਅਦਬੀ ਦੇਖ ਕੇ ਦਿਲ ਬੜਾ ਦੁਖੀ ਹੁੰਦਾ ਸੀ ਪਰ ਇਕੱਲੇ ਬੰਦੇ ਦੀ ਕੋਈ ਪੇਛ ਨਹੀਂ ਸੀ ਜਾਂਦੀ। ਕੁਝ ਸਮੇਂ ਬਾਅਦ ਮਹਾਰਾਜ ਜੀ ਦੀ ਕਿਰਪਾ ਨਾਲ ਤਿੰਨ ਸਾਥੀ ਸ: ਮਹਿੰਦਰ ਸਿੰਘ ਰਾਮਗੜੀਆ ਦਿਲੀ ਨਿਵਾਸੀ, ਸ: ਮੂਲਾ ਸਿੰਘ ਜੀ ਪਤਾਰਾ ਸ: ਚਰਨ ਸਿੰਘ ਮਾਹਲ ਮਿਲ ਗਏ ਜਿਨ੍ਹਾਂ ਨੇ ਇਸ ਕੁਰੀਤੀ ਨੂੰ ਦੂਰ ਕਰਨ ਲਈ ਕੀਤੀ ਜਦੋ ਜਹਿਦ ਵਿਚ ਦਿਰੜਤਾ ਨਾਲ ਹਿਸਾ ਲਿਆ ਤੇ ਗੁਰੂ ਮੇਹਰ ਨਾਲ ਇਹ ਕੁਰੀਤੀ ਹੁਣ ਸਾਰੇ ਕੈਨੇਡਾ ਵਿਚੋਂ ਖਤਮ ਹੋ ਗਈ ਹੈ। ਪਰ ਅਕਾਲ ਪੁਰਖ ਦੀ ਲੀਹਲਾ ਨਿਆਰੀ ਹੈ। ਉਦੋਂ ਕਈ ਵੀਰ ਸਾਡੇ ਖਿਲਾਫ ਪ੍ਰਚਾਰ ਕਰਦੇ ਸੀ ਕਿ ਇਹ ਚਾਰ ਸਿਖ ਗੁਰੂ ਘਰ ਸਿਰ ਢਕਕੇ ਆਉਣ ਦਾ ਪ੍ਰਚਾਰ ਕਰਕੇ ਕੌਮ ਵਿਚ ਫੁਟ ਪਾ ਰਹੇ ਹਨ। ਓਦੋਂ ਇਹ ਕਈ ਰੋਡੇ ਹੁੰਦੇ ਸਨ। ਅਜ ਕਲ ਉਨ੍ਹਾਂ ਵਿਚੋਂ ਕਈ ਵੀਰ ਕੇਸ ਰਖ ਕੇ ਇਹ ਪ੍ਰਚਾਰ ਕਰ ਰਹੇ ਹਨ ਕਿ ਜੇ ਮਾਨੂੰ ਤੇ ਸਾਡੇ ਸਾਥੀਆਂ ਨੂੰ ਗੁਰਦੁਆਰਿਆਂ ਦੇ ਪ੍ਰਬੰਧਕ ਨਾਂ ਰਹਿਣ ਦਿਤਾ ਤਾਂ ਸਿਖੀ ਖਤਮ ਹੋ ਜਾਇਗੀ, ਭਾਵੇਂ ਉਨ੍ਹਾਂ ਬੰਦਿਆਂ ਵਿਚੋਂ ਕਈਆਂ ਨੇ ਅਜੇ ਤਕ ਅੰਮ੍ਰਿਤ ਪਾਨ ਵੀ ਨਹੀਂ ਕੀਤਾ ਤੇ ਚਾਰ ਜਾਰੀ ਵਿਚ ਬੈਠ ਕੇ ਫੜਾਂ ਮਾਰਦੇ ਹਨ ਕਿ ਅਸੀਂ ਬਾਹਾਂ ਦੇ ਜੋਰ ਆਗੂ ਬਣੇ ਹਾਂ।

ਕੁਝ ਵੀਰਾਂ ਨੇ ਆਮਦਿਨ ਨੂੰ ਮੁਖ ਰਖਕੇ ਗੁਰੂ ਘਰ ਤੇ ਜਜੀਆ ਮੈਂਬਰਸ਼ਿਪ ਫੀਸ ਲਾ ਦਿਤੀ ਜਿਸ ਨੂੰ ਅਸੀਂ (ਧਾਰਮਿਕ ਕਰ) ਆਖਦੇ ਸੀ ਇਸ ਨੂੰ ਹਟਾਉਣ ਲਈ ਬੜੀਆਂ ਖਜਲ ਖੁਆਰੀ ਅਸੀਂ ਝਲੀਆਂ ਤੇ ਹਜਾਰਾਂ ਡਾਲਰ ਖਰਚ ਆਇਆ। ਜਿਨ੍ਹਾਂ ਦੁਧ ਪੀਣੇ ਮਜਨੂੰਆਂ ਨੂੰ ਕਿਕਰ ਤੋਂ ਬੇਰ ਮਿਲ ਗਿਆ ਹੈ। ਉਹ ਸਾਡੇ ਕੇਸ ਪਟ ਹੁੰਦੇ ਤੇ ਲੁਟਾਂ ਪੈਂਦੀਆਂ ਦੇਖਕੇ ਸਾਡੀ ਮਦਦ ਕਰਨ ਦੀ ਬਜਾਏ ਡਰਦੇ ਝਾਈਆਂ ਦੀਆਂ ਘਗਰੀਆਂ ਵਿਚ ਜਾ ਲੁੱਕਦੇ ਸਨ। ਸਾਡਾ ਨਾਂ ਅਗੇ ਕਿਸੇ ਨਾਲ ਜਾਤੀ ਵੈਰ ਵਿਰੋਧ ਸੀ ਤੇ ਨਾਂ ਹੁਣ ਹੀ ਹੈ। ਅਸੀਂ ਮੈਂਬਰ ਫੀਸ ਦੇ ਹਮਾਇਤੀਆ ਅਗੇ ਬੇਨਤੀਆਂ ਕਰਦੇ ਰਹਿੰਦੇ ਸੀ ਕਿ ਕੌਮ ਦੇ ਏਕੇ ਇਤਫਾਕ ਲਈ ਤੁਸੀਂ ਮੈਂਬਰਸ਼ਿਪ ਫੀਸ ਵਾਪਸ ਲੈਣ ਦਾ ਐਲਾਨ ਕਰ ਦਿਤਾ ਇਸ ਨਾਲ ਸੰਗਤਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਅਸੀਂ ਉਨ੍ਹਾਂ ਵੀਰਾਂ ਦਾ ਇਕ ਪੱਤਰ ਰਾਹੀਂ ਹਰ ਇਕ ਦਾ ਧੰਨਵਾਦ ਕਰ ਦਿਤਾ। ਸੋ ਇਸ ਜਦੋ ਜਹਿਦ ਨਾਲ ਦੋਹਾਂ ਧਿਰਾਂ ਵਿਚ ਜੋ ਤਲਖੀ ਪੈਦਾ ਹੋ ਗਈ ਸੀ ਉਹ ਖਤਮ ਹੋ ਗਈ। ਬੇਨਤੀ ਹੈ ਕਿ ਕੁਝ ਧਰਮਾਂ ਦਾ ਜੋਗਾ ਪਾਉਣ ਵਾਲੇ ਜਫੇਮਾਰ ਤੇ ਭੇਖੀਆਂ ਨੇ ਅੰਦਰ ਗਤੀ ਪੂਰੀ ਵਾਹ ਲਾਈ ਕਿ ਹੁਣ ਜਜੀਆ ਟੁਟੇ ਨਾ ਅੰਸੇ ਭੇਖੀ ਤੇ ਜਫੇ ਮਾਰ ਸਿਖਾਂ ਨਾਲੋਂ ਸਹਿਜ ਧਾਰੀ ਹਾਲਿਤ ਵਿਚ ਰਹਿਣ ਵਾਲੇ ਸਿਖ ਲਖਾਂ ਗੁਣਾਂ ਚੰਗੇ ਹਨ ਉਹ ਭੇਖ ਦਾ ਪੜਦਾ ਪਾਕੇ ਲੋਕਾਂ ਨਾਲ ਧਕਾ ਤੇ ਧੋਖਾ ਤਾਂ ਨਹੀਂ ਕਰਦੇ। ਬੇਨਤੀ ਹੈ ਕਿ ਜਿਸ ਦਿਨ ਜਜੀਆ ਟੁਟਣ ਲਈ ਇਕੱਠ ਹੋਇਆ ਤਾਂ ਇਕ ਬਹੁਤ ਬੜੇ ਸਿਖ ਨੇ ਜਾਗੀਰ ਸਿੰਘ ਨੂੰ ਗੁਰਦੁਆਰੇ ਵਿਚੋਂ ਨਿਕਲ ਜਾਣ ਲਈ ਕਿਹਾ ਕਿ ਤੂੰ 25 ਡਾਲਰ ਦੇ ਕੇ ਗੁਰਦੁਆਰੇ ਦਾ ਮੈਂਬਰ ਨਹੀਂ ਬਣਿਆਂ ਇਸ ਕਰਕੇ ਤੂੰ ਦੀਵਾਨ ਵਿਚ ਨਹੀਂ ਬੈਠ ਸਕਦਾ। ਅਫਸੋਸ ਹੈ ਕਿ ਅਜ ਇਹੋ ਜਿਹੇ ਸਿਖਾਂ ਦੇ ਹਥ ਵਿਚ ਕੌਮ ਦੀ ਲੀਡਰੀ ਹੈ।

ਹੁਣ ਮੈਂ ਅਸਲੀ ਗਲ ਵਲ ਆਉਂਦਾ ਹਾਂ। ਹਰ ਸਾਲ ਚੋਣਾਂ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਜਾਂਦੇ ਹਨ ਤੇ ਫਿਰ ਹਜਾਰਾਂ ਡਾਲਰ ਮੁਕੱਦਮਿਆਂ ਤੇ ਲਗਦੇ ਹਨ। ਇਹ ਸਿਲਸਿਲਾ ਕਈਆਂ ਸਾਲਾ ਤੋਂ ਜਾਰੀ ਹੈ। 1984 ਦੀ ਚੋਣ ਵੇਲੇ ਅਸੀਂ ਕਾਬਜ ਧੜੇ ਅਗੇ ਲਿਖਤੀ ਬੇਨਤੀ ਕੀਤੀ ਸੀ ਕਿ ਚੋਣਾਂ ਦਾ ਮਜੂਦਾ ਤਰੀਕਾ ਛਡਕੇ ਚੋਣਾਂ ਗੁਰੂ ਮਹਾਰਾਜ ਦੀ ਹਜੂਰੀ ਵਿਚ ਸਰਬ ਸੰਮਤੀ ਨਾਲ ਕਰਨੀਆਂ ਚਾਹੀਦੀਆਂ ਹਨ ਜੇ ਸੇਵਾਦਾਰਾਂ ਦੀ ਗਿਣਤੀ ਤੋਂ ਵਧ ਨਾਂ ਪੇਸ਼ ਹੋ ਜਾਣ ਤਾਂ ਪ੍ਰਚੀਆਂ ਪਾਕੇ ਫੈਸਲਾ ਕਰ ਲਿਆ ਜਾਇਆ ਕਰੇਗਾ। ਇਸ ਤਰ੍ਹਾਂ ਕਰਨ ਨਾਲ ਕਿਸੇ ਦੀ ਨਾਂ ਹਾਨੀ ਹੋਵੇਗੀ ਨਾਂ ਕਿਸੇ ਦੀ ਹਉਮੈ ਨੂੰ ਪਠੋ ਪੈਣਗੇ। ਹਜਾਰਾਂ ਡਾਲਰਾ ਦਾ ਫਾਇਦਾ ਹੋਵੇਗਾ ਤੇ ਆਪਸ ਵਿਚ ਦੀ ਏਰਖਾ ਵੀ ਖਤਮ ਹੋ ਜਾਵੇਗੀ ਪਰ ਇਹ ਕਾਬਜ ਧੜਾ ਮੰਨਿਆ ਨਾਂ ਐਤਕੀ 1985 ਦੀ ਚੋਣ ਤੋਂ ਪਹਿਲਾਂ ਬਹੁਤ ਸਾਰੇ ਵੀਰਾਂ ਵਲੋਂ ਅਖਬਾਰਾਂ ਰਾਹੀਂ ਕਾਬਜ ਧੜੇ ਨੂੰ ਬੇਨਤੀਆਂ ਕੀਤੀਆਂ ਗਈਆਂ ਕਿ ਚੋਣ ਸਰਬ ਸੰਮਤੀ ਨਾਲ ਕਰਨੀ ਚਾਹੀਦੀ ਹੈ ਜੇ ਨਾਂ ਜਿਆਦਾ ਆ ਜਾਣ ਤਾਂ ਗੁਰੂ ਮਹਾਰਾਜ ਦੇ ਹਜੂਰ ਪ੍ਰਚੀਆਂ ਪਾ ਕੇ ਸਰਬ ਸੰਮਤੀ ਕਰ ਲੈਣੀ ਚਾਹੀਦੀ ਹੈ ਪਰ ਅਫਸੋਸ ਹੈ ਕਿ ਕਾਬਜ ਧੜੇ ਨੂੰ ਵਹਿਮ ਪੈ ਚੁਕਾ ਹੈ ਕਿ ਸਾਡੇ ਧੜੇ ਕੋਲੋਂ ਗੁਰੂ ਘਰ ਦਾ ਪ੍ਰਬੰਧ ਖੁਸ ਗਿਆ ਤਾਂ ਸਿਖੀ ਕਿਸੇ ਹਾਲਤ ਵਿਚ ਵੀ ਕਾਇਮ ਨਹੀਂ ਰਹਿ ਸਕਦੀ।

ਸਿਆਣੇ ਕਹਿੰਦੇ ਹਨ ਕਿ ਘਰਦਿਆਂ ਦੇ ਦੰਦ ਨਹੀਂ ਦੇਖੀਦੇ। ਸੋ ਚੋਣਾਂ ਸਰਬ ਸੰਮਤੀ ਨਾਲ ਕਰਾਉਣ ਲਈ ਦਾਸ ਨੂੰ ਚੋਣਾਂ ਦੇ ਚਿਕੜ ਵਿਚ ਵੜਨਾਂ ਪਿਆ। ਸਿਆਣੇ ਕਹਿੰਦੇ ਹਨ ਕਿ ਚਿਕੜ ਵਿਚ ਵੜ ਕੇ ਹੀ ਚਿਕੜ ਵਿਚ ਫਸਿਆਂ ਨੂੰ ਕਢਣਾ ਪੈਂਦਾ ਹੈ ਸੋ 14-11-84 ਨੂੰ ਸ਼ਾਮ ਦੇ 6 ਵਜੇ ਦੇ ਲਗ ਭਗ ਸਕੱਤਰੀ ਦੇ ਨਾਮਜ਼ਦਗੀ ਦੇ ਫਾਰਮ 31 ਮੈਂਬਰਾਂ ਦੇ ਦਸਖਤ ਕਰਾ ਕੇ ਅਜੀਤ ਸਿੰਘ ਨੰਨਰ ਨੂੰ ਦੇ ਆਂਦੇ ਤੇ ਫਾਰਮ ਦੀ ਫੋਟੋ ਕਾਪੀ ਤੇ ਨੰਨਰ ਤੋਂ ਦਸਖਤ ਕਰਾ ਕੇ ਲੈ ਆਂਦੇ। 16-11-84- ਨੂੰ ਮੈਨੂੰ ਗੁਰਦੁਆਰੇ ਸਦਿਆ ਗਿਆ ਤੇ ਗਲਾਂ ਬਾਤਾਂ ਤੋਂ ਬਾਅਦ ਕਿਹਾ ਕਿ ਇਸ ਅੰਗਰੇਜੀ ਦੀ ਚਿੱਠੀ ਤੇ ਸਾਈਨ ਕਰਦੇ ਮੈਂ ਕਿਹਾ ਕਿ ਮੈਂ ਤਾਂ ਮੈਂਬਰ ਸ਼ਿਪ ਦਾ ਫਾਰਮ ਵੀ ਪੰਜਾਬੀ ਵਿਚ ਭਰਕੇ ਦਿਤਾ ਹੈ। ਤੁਸੀਂ ਮੈਨੂੰ ਪੰਜਾਬੀ ਵਿਚ ਚਿਠੀ ਲਿਖਕੇ ਦਿਉ ਮੈਂ ਸਾਈਨ ਕਰ ਦਿੰਦਾ ਹਾਂ ਫਿਰ ਇਹ ਬੋਲੇ ਹਾਂ ਨਾਂ ਤਾਂ ਮੈਂ ਘਰ ਨੂੰ ਆ ਗਿਆ। ਫਿਰ 17 ਤਰੀਕ ਨੂੰ ਨੰਨਰ ਗਿਆਰਾਂ ਵਜੇ ਸਾਡੇ ਘਰ ਆਇਆ ਤੇ ਕਿਹਾ ਕਿ ਆਹ ਅੰਗਰੇਜੀ ਦੀ ਚਿਠੀ ਲੈਲਾ ਤੇ ਇਸ ਦੀ ਕਾਪੀ ਤੇ ਸਾਈਨ ਕਰਦੇ ਮੈਂ ਕਿਹਾ ਇਹ ਗੁਰਦੁਆਰੇ ਦਾ ਮਾਮਲਾ ਹੈ ਮੈਨੂੰ ਪੰਜਾਬੀ ਵਿਚ ਚਿਠੀ ਲਿਖਕੇ ਦਿਓ ਮੈਂ ਸਾਈਨ ਕਰ ਦਿੰਦਾ ਹਾਂ ਨੰਨਰ ਕਹਿਣ ਲੱਗਾ ਚਲ ਦਸਖਤ ਨਾ ਕਰ ਤੇ ਚਿਠੀ ਲੈਲਾ। ਮੈਂ ਚਿਠੀ ਲੈ ਲਈ ਤੇ ਜਦ ਪੜ੍ਹਾ ਕੇ ਦੇਖੀ ਤਾਂ ਉਸ ਵਿਚ ਲਿਖਿਆ ਹੋਇਆ ਸੀ ਕਿ ਜੇ ਤੂੰ ਦੋ ਵਜੇ ਤਕ ਗੁਰਦੁਆਰੇ ਸਾਡੇ ਦਫਤਰ ਵਿਚ ਨਾਂ ਆਇਆ ਤਾਂ ਅਸੀਂ ਸਮਝਾਂਗੇ ਕਿ ਤੂੰ ਬੈਠ ਗਿਆ। ਜਦ ਮੈਂ ਇਕ ਵਜੇ ਹੀ ਦਫਤਰ ਚਲਿਆ ਗਿਆ ਤਾਂ ਨੰਨਰ ਕਹਿੰਦਾ ਜੇ ਤੂੰ ਚੋਣ ਲੜਨਾ ਹੈ ਤਾ ਇਸ ਅੰਗਰੇਜੀ ਚਿਠੀ ਤੇ ਸਾਈਨ ਕਰ ਦੇ। ਮੈਂ ਕਿਹਾ ਕਿ ਜੇ ਤੁਸੀਂ ਗੁਰੂ ਮਹਾਰਾਜ ਵਿਚ ਸਰਬ ਸੰਮਤੀ ਨਾਲ ਚੋਣ ਨਹੀਂ ਕਰਾਉਂਦੇ ਤਾਂ ਮੈਂ ਚੋਣ ਲੜਾਂਗਾ। ਪਰ ਜਦ ਤਕ ਤੁਸੀਂ ਪੰਜਾਬੀ ਵਿਚ ਚਿਠੀ ਲਿਖਕੇ ਨਹੀਂ ਦਿੰਦੇ ਉਨ੍ਹਾਂ ਚਿਰ ਮੈਂ ਕਿਸੇ ਚਿਠੀ ਤੇ ਦਸਖਤ ਨਹੀਂ ਕਰ ਸਕਦਾ। ਤਾਂ ਨੰਨਰ ਬੜਾ ਲਾਲ ਪੀਲਾ ਗੁਸੇ ਨਾਲ ਹੋਕੇ ਕਹਿਣ ਲਗਾ ਜਾਹ ਜਿਥੇ ਜਾ ਤੇ ਅਦਾਲਤ ਦਾ ਦਰਵਾਜਾ ਖੜਕਾ।

ਬੇਨਤੀ ਹੈ ਕਿ ਮੇਰੇ ਚੋਣਾ ਵਿਚ ਖੜੇ ਹੋਣ ਨਾਲ ਨੰਨਰ ਹੋਰਾਂ ਦੀ ਹਊਮੈ ਨੂੰ ਬਹੁਤ ਬੜੀ ਸਟ ਲਗੀ ਜੇ ਮੈਂ ਦੋ ਚਾਰ ਮਿੰਟ ਹੋਰ ਦਫਤਰ ਵਿਚ ਖੜਾ ਰਹਿੰਦਾ ਤਾਂ ਨੰਨਰ ਮੇਰੇ ਗਲ ਪਿਆ ਹੀ ਪਿਆ ਸੀ। ਮੈਨੂੰ ਕਹਿੰਦਾ ਅਸੀਂ ਤੈਨੂੰ ਦੇਖ ਲਵਾਂਗੇ ਮੈਂ ਕਿਹਾ ਨੰਨਰਾ ਭਜਿਆਂ ਨੂੰ ਵਾਹਣ ਇਕੋ ਜਿਹਾ ਹੈ ਤੁਹਾਡਾ ਅਗਾ ਤੇ ਮੇਰਾ ਪਿਛਾ ਜਿਧਰ ਤੋਰੋਗੇ ਤੁਰ ਪਿਆ ਕਰੂੰਗਾ। ਬੇਨਤੀ ਹੈ ਕਿ ਨੰਨਰ ਹੋਰਾਂ ਨੇ ਉਪਰੋਂ 2 ਸਰਬ ਸੰਮਤੀ ਦਾ ਢੋਲ ਵਜਾਉਂਦਿਆਂ ਨੇ ਕਮੇਟੀ ਤਾਂ ਆਪਣੀ ਜੁੰਡਲੀ ਦੀ ਚੁਣਨੀ ਸੀ ਤੇ ਲੋਕਾਂ ਤੇ ਹਰਮਨ ਪਿਆਰੇ ਹੋਣ ਦਾ ਰੋਹਬ ਪਾਉਣਾ ਸੀ। ਪਰ ਖੜੇ ਹੋਣ ਨਾਲ ਇਨ੍ਹਾਂ ਦਾ ਪੜਦਾ ਫਾਸ਼ ਹੋ ਗਿਆ ਹੈ।

ਮੈਨੂੰ ਮਜਬੂਰ ਹੋ ਕੇ ਵਕੀਲ ਕਰਨਾ ਪਿਆ ਮੇਰੇ ਵਕੀਲ ਨੇ ਇਨ੍ਹਾਂ ਦੇ ਵਕੀਲ ਨਾਲ ਗਲ ਕੀਤੀ ਕਿ ਜਾਂ ਤਾਂ ਤੁਸੀਂ ਆਪਣੇ ਗਿਆਰਾਂ ਵਿਚੋਂ ਇਕ ਬੰਦਾ ਬੈਠਾ ਲਵੋ ਨਹੀਂ ਚੋਣ ਕਰਾਉ ਤਾਂ ਨੰਨਰ ਹੋਰਾਂ ਨੇ ਆਪਣੇ ਵਕੀਲ ਰਾਹੀਂ ਮੇਰੇ ਵਕੀਲ ਨੂੰ ਕਹਿ ਦਿਤਾ ਕਿ ਅਸੀਂ ਨਾਂ ਆਪਣਾ ਬੰਦਾ ਬਿਠਾਉਣਾ ਹੈ ਨਾਂ ਚੋਣ ਕਰਾਉਣੀ ਹੈ। ਤਾਂ ਮੇਰੇ ਵਕੀਲ ਨੇ ਮੈਨੂੰ ਕਿਹਾ ਕਿ ਤੇਰਾ ਕੇਸ ਬੜਾ ਮਜਬੂਤ ਹੈ ਨੰਨਰ ਹੋਰਾਂ ਨੂੰ ਚੋਣ ਵੀ ਕਰਾਉਣੀ ਪਵੇਗੀ ਤੇ ਪੰਜਾਬੀ ਵਿਚ ਚਿਠੀਆਂ ਛਾਪ ਕਿ ਤੈਨੂੰ ਤੇ ਸੰਗਤਾਂ ਨੂੰ ਅਵਸ਼ ਭੇਜਣੀਆਂ ਪੈਣਗੀਆਂ ਪਰ ਤੈਨੂੰ ਕੋਰਟ ਵਿਚ ਜਾਣਾ ਪੈਣਾ ਹੈ। ਤਾਂ ਮੈਂ ਆਪਣੇ ਵਕੀਲ ਨੂੰ ਕਿਹਾ ਕਿ ਮੈਂ ਤਾਂ ਇਨ੍ਹਾਂ ਨਿਸ਼ਕਾਮ ਸੇਵਕਾਂ ਦੀ ਪਕੜ ਤੇ ਗੁਰੂ ਘਰ ਨੂੰ ਪਾਏ ਜਫੇ ਨੂੰ ਸੰਗਤਾਂ ਸਾਹਮਣੇ ਰਖਣਾ ਚਾਹੁੰਦਾ ਸੀ, ਸੋ ਅਕਾਲ ਪੁਰਖ ਦੀ ਮੇਹਰ ਦੁਆਰਾ ਇਨ੍ਹਾਂ ਦੀ ਨਿਸ਼ਕਾਮਤਾ ਨੰਗੀ ਹੋ ਗਈ ਹੈ।

ਸਾਧ ਸੰਗਤ ਜੀਓ ਇਨ੍ਹਾਂ ਸੇਵਕਾਂ ਕੋਲ ਪ੍ਰਾਪੇਗੰਡੇ ਦੇ ਬੇਅੰਤ ਸਾਧਨ ਹਨ, ਗੁਰੂ ਘਰ ਦੇ ਖਜਾਨੇ ਇਨ੍ਹਾਂ ਕੋਲ ਹਨ। ਦਾਸ ਦਾ ਤੇ ਇਨ੍ਹਾਂ ਨਿਸਕਾਮ ਸੇਵਕਾਂ ਦਾ ਕੋਈ ਚਾਰਾ ਨਹੀਂ ਹੈ। ਪਰ ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਚਰਨਾਂ ਤੇ ਭਰੋਸਾ ਰਖਕੇ ਕਹਿੰਦਾ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਚੋਣਾ ਗੁਰੂ ਮਹਾਰਾਜ ਜੀ ਦੀ ਹਜੂਰੀ ਵਿਚ ਸਰਬ ਸੰਮਤੀ ਨਾਲ ਹੋਇਆ ਕਰਨਗੀਆਂ

ਮੈਨੂੰ ਸਲਾ ਨਾਮਜ਼ਦਗੀ ਤੋਂ ਲੈਕੇ ਹੁਣ ਤਕ ਧਮਕੀਆ ਦੇ ਫੂਨ ਆਉਂਦੇ ਹਨ।

ਗੁਰੂ ਪੰਥ ਦਾ ਦਾਸ
ਜਾਗੀਰ ਸਿੰਘ ਜੰਡਿਆਲਾ

ਕਾਂਗਰਸ ਨੂੰ 49.17 ਪ੍ਰਤੀਸਤ ਵੋਟਾਂ ਮਿਲੀਆਂ

ਨਵੀਂ ਦਿਲੀ: ਲੋਕ ਸਭਾ ਚੋਣਾਂ ਦੀ ਅੰਤਿਮ ਤੇ 508ਵੀਂ ਸੀਟ ਦਾ ਨਤੀਜਾ ਵੀ ਕਾਂਗਰਸ (ਆਈ) ਦੇ ਹੱਕ ਵਿਚ ਜਾ ਰਿਹਾ ਹੈ ਤੇ ਇਉਂ ਇਸ ਪਾਰਟੀ ਨੇ 49.17 ਪ੍ਰਤੀਸ਼ਤਤਾ ਹਾਸਨ ਕਰ ਲਈ ਹੈ।

ਇਸ ਤਰ੍ਹਾਂ ਨਾਲ ਕਾਂਗਰਸ (ਆਈ) ਨੂੰ ਕੁਲ 508 ਸੀਟਾਂ 'ਚੋਂ 401 ਸੀਟਾਂ ਮਿਲ ਗਈਆਂ ਹਨ। ਡੀ. ਸੀ. ਐਮ-ਯੂ. ਐਨ. ਆਈ. ਕੰਪਿਊਟਰ ਦੇ ਸਰਵੇਖਣ ਮੁਤਾਬਕ 1980 ਦੀਆਂ ਚੋਣਾਂ 'ਚ ਕਾਂਗਰਸ ਨੇ 41.98 ਵੋਟਾਂ ਪ੍ਰਾਪਤ ਕੀਤੀਆਂ ਸਨ। ਉਦੋਂ 470 ਸੀਟਾਂ ਵਿਚੋਂ 333 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ.

ਇਸ ਵਾਰ ਕਾਂਗਰਸ ਨੇ 485 ਉਮੀਦਵਾਰ ਖੜ੍ਹੇ ਕੀਤੇ ਸਨ।

ਭਾਰਤੀ ਜਨਤਾ ਪਾਰਟੀ ਨੇ 223 ਸੀਟਾਂ 'ਤੇ ਚੋਣ ਲੜੀ ਅਤੇ ਕੇਵਲ 2 ਸੀਟਾਂ ਜਿਤੀਆਂ।

WHEATON
PONTIAC BUICK GMC
LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ-ਪੇਮੈਂਟ ਦੇਕੇ ਸਾਡੇ ਕੋਲੋ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼੍ਰੀਦਦੇ ਹਾਂ — ਇੱਕ ਵਾਰ ਦਰਸ਼ਨ ਜ਼ਰੂਰ ਦਿਓ।


Kuldip Jhand

ਕੁਲਦੀਪ ਸਿੰਘ ਝੰਡ
ਨੂੰ ਫ਼ੋਨ ਕਰੋ ਜਾਂ ਮਿਲੋ
Bus. 526-2781

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿੱਕ-ਅੱਪ ਅਦਿ ਹਨ- ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿੱਕ-ਅੱਪ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇੱਕ ਵਾਰੀਂ ਕੁਲਦੀਪ ਝੰਡ ਨੂੰ ਜ਼ਰੂਰ ਮਿਲੋ ਜਾਂ ਘੱਟੋ ਘੱਟ ਫੋਨ ਜ਼ਰੂਰ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

Res. 524-4137 Pager 687-7711 #7610
325 - 12th St., New Westminster, B.C.

SUPER BUYS

ਤਸਵੀਰ ਦੇ ਦੋਵੇਂ ਪਾਸੇ

ਪਿਛਲੇ ਕੁਝ ਹਫਤਿਆਂ ਤੋਂ ਭਾਰਤ ਤੋਂ ਜਾ ਕੇ ਆਉਣ ਵਾਲੇ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੀਆਂ ਕਹਾਣੀਆਂ ਆਪਾਂ ਸੁਣਦੇ ਆ ਰਹੇ ਹਾਂ। ਕਹਿੰਦੇ ਹਨ — ਉਥੇ ਸਭ ਠੀਕ ਠਾਕ ਹੈ! ਕਈ ਕਹਿੰਦੇ ਹਨ — ਉਥੇ ਸਭ ਵਿਗੜਿਆ ਹੋਇਆ ਹੈ! ਅਸੀਂ ਸਾਰੇ ਫਿਰ ਆਪਣੇ ਆਪਣੇ ਸਟੈਂਡਾਂ ਨੂੰ ਠੀਕ ਸਿਧ ਕਰਨ ਲਈ ਦਿਲ ਲੱਗੀਆਂ ਕਹਾਣੀਆਂ ਵਰਤਦੇ ਹਾਂ। ਹਾਂ ਕਹਾਣੀਆਂ! ਸਾਡੇ ਲਈ ਕਹਾਣੀਆਂ ਨੇ — ਜਿਹਨਾਂ ਚੁ ਭੈੜੇ ਪਾਤਰਾਂ ਲਈ ਸਾਨੂੰ ਗੁੱਸਾ ਆਉਂਦਾ ਹੈ ਅਤੇ ਚੰਗੇ ਪਾਤਰਾਂ ਲਈ ਹਮਦਰਦੀ। ਲੇਕਿਨ ਮੈਂ ਹੈਰਾਨ ਹਾਂ ਕਿ ਆਪਣੇ 2 ਨਜ਼ਰੀਏ ਨੂੰ ਠੀਕ ਸਿੱਧ ਕਰਨ ਲਈ ਅਸੀਂ ਇਹ ਕਿਵੇਂ ਭੁੱਲ ਸਕਦੇ ਹਾਂ ਕਿ ਜਿਹੜੇ ਮੁਲਕ ਨੇ ਭਿੰਡਰਾਂ ਵਾਲੇ ਦਾ ਸੰਗੀਨਾਂ ਅਤੇ ਬੰਦੂਕਾਂਧਾਰੀ ਡਰ ਲਗਾਤਾਰ ਤਿੰਨ ਸਾਲ ਝੱਲਿਆ ਹੋਵੇ ਅਤੇ ਕਿਸੇ ਸਿਰਕੱਢ ਸਿਆਸੀ ਮੰਨੁੱਖ ਦਾ ਆਵਾਜ਼ ਉਠਾਉਣ ਦਾ ਹੀਆਂ ਨਾਂ ਪਿਆ ਹੋਵੇ — ਜਿਸ ਮੁਲਕ ਵਿੱਚ ਦਰਬਾਰ ਸਾਹਿਬ ਦੀਆਂ ਵੇਾਰਦਾਤਾਂ ਨਾਲ ਜਾਨਾਂ ਗਈਆਂ ਹੋਣ, ਪੰਜਾਬ ਚੁ ਕਈ ਲੱਖ ਫੌਜ ਤਾਇਨਤ ਹੋਵੇ, ਜਿਸ ਮੁਲਕ ਦੇ ਪ੍ਰਧਾਨ ਮੰਤਰੀ ਨੂੰ ਦਿਨ ਦੀਵੇ ਉਸ ਦੇ ਬਾਡੀ ਗਾਰਡਾਂ ਵਲੋਂ ਹੀ ਮਾਰ ਦਿੱਤਾ ਗਿਆ ਹੋਵੇ, ਜਿਸ ਮੁਲਕ ਚ, ਪ੍ਰਧਾਨ ਮੰਤਰੀ ਦੇ ਕਤਲ ਦਾ ਬਦਲਾ ਗੁੰਡਿਆਂ ਅਤੇ ਫਿਰਕਾ ਪ੍ਰਸਤਾਂ ਨੇ ਕੁੱਝ ਚਲਦੇ ਫਿਰਦੇ ਅਤੇ ਦਿਸਦੇ ਸਿੱਖਾਂ ਦੀ ਜਾਨ ਲੈ ਕੇ ਜਾਂ ਮਾਲੀ ਨੁਕਸਾਨ ਕਰਕੇ ਲਿਆ ਹੋਵੇ; ਜਿਸ ਮੁਲਕ ਚ ਫਿਰਕਾ ਪ੍ਰਸਤ ਇਕ ਦੂਸਰੇ ਦੀਆਂ ਮੌਤਾਂ ਅਤੇ ਮਾਲੀ ਨੁਕਸਾਨ ਪਰ ਨਾਚ ਨੱਚ ਕੇ ਖੁਸ਼ੀ ਮਨਾਉਂਦੇ ਹੋਣ; ਉਸ ਮੁਲਕ ਚੁ ਸ਼ਭ ਕੁਝ ਤਾਂ ਠੀਕ ਨਹੀਂ ਹੋ ਸਕਦਾ — ਕੁਝ ਨਾਂ ਕੁਝ ਤਾਂ ਜ਼ਰੂਰ ਵਿਗੜਿਆ ਹੋਇਆ ਹੋਵੇਗਾ।

ਜਿਸ ਮੁਲਕ ਚੁ ਇਕ ਪਾਸੇ ਫਿਰਕੂ ਅੱਗ ਬਲ ਰਹੀ ਹੋਵੇ ਅਤੇ ਦੂਸਰੇ ਪਾਸੇ ਕੁਝ ਵਤਨ ਅਤੇ ਮਨੁੱਖਤਾ ਪ੍ਰਸਤ ਲੋਗ ਹਿੰਦੂ — ਸਿੱਖ ਭਾਈ 2 ਦੇ ਨਾਹਰਿਆਂ ਨਾਲ ਉਸ ਅੱਗ ਨੂੰ ਛਾਤੀ ਤਾਣ ਕੇ ਵੰਗਾਰ ਰਹੇ ਹੋਣ, ਜਿਸ ਮੁਲਕ ਚੁ ਵੱਖਰੇ 2 ਫਿਰਕਿਆਂ ਦੇ ਲੋਗਾਂ ਨੇ ਆਪਣੀ ਜਾਨ ਪੁਰ ਖੇਡ ਕੇ ਭੀ ਇਕ ਦੂਸਰੇ ਦੀ ਹਿਫਾਜਤ ਕੀਤੀ ਹੋਵੇ — ਉਸ ਨਾਨਕ ਅਤੇ ਬੁੱਧ, ਕ੍ਰਿਸ਼ਨ ਅਤੇ ਅਕਬਰ ਦੇ ਮੁਲਕ ਚੁ ਸਾਰਾ ਕੁਝ ਤਾਂ ਵਿਗੜਿਆ ਨਹੀਂ ਹੋ ਸਕਦਾ ਕੁਝ ਨਾਂ ਕੁੱਝ ਤਾਂ ਜ਼ਰੂਰ ਠੀਕ ਹੋਵੇਗਾ।

ਫਿਰ ਮੈਂ ਹੈਰਾਨ ਹਾਂ ਅਸੀਂ ਆਪਣੇਦੁਆਲੇ ਦੀਆਂ ਵਾੜ੍ਹਾਂ ਨੂੰ ਵੱਖਰੀ 2 ਕਿਸਮ ਦੀਆਂ ਕਹਾਣੀਆਂ ਨਾਲ ਪੱਕੀਆਂ ਕਿਉਂ ਕਰ ਰਹੇ ਹਾਂ? ਤੋੜ ਕਿਓਂ ਨਹੀਂ ਰਹੇ? ਤਾਂ ਕਿ ਲੋਕਾਂ ਦੇ ਗਮ ਸਾਡੇ ਸਾਰਿਆਂ ਦੇ ਗਮ ਹੋ ਜਾਣ ਅਤੇ ਉਹਨਾਂ ਦੀਆਂ ਖੁਸ਼ੀਆਂ ਅਤੇ ਪ੍ਰਾਪਤੀਆਂ ਚੁ ਅਸੀਂ ਖੁਸ਼ੀ ਮਨਾਈਏ। ਹੌਂਸਲੇ ਦੀ ਲੋੜ ਹੈ। ਵੇਲਾ ਖੁੰਝ ਰਿਹਾ ਹੈ ਲੱਗੇ ਜ਼ਖਮੀਂ ਮਹਿਰਮਾਂ ਲਾਉਣ ਦਾ। ਜੋ ਗਲਤ ਹੈ ਉਸ ਨੂੰ ਠੀਕ ਕਰਨਾ ਹੈ। ਜੋ ਠੀਕ ਹੈ ਉਸ ਨੂੰ ਸਾਂਭਣਾ ਹੈ। ਨਹੀਂ ਤਾਂ ਸ਼ਾਇਦ "ਠੀਕ" ਭੀ "ਗਲਤ" ਵਲ ਦੇ ਪਾਸੇ ਨੂੰ ਨਾਂ ਤੁਰ ਪਵੇ ਅਤੇ ਮਨੁੱਖਤਾ ਨੂੰ ਫਿਰ ਸੱਟ ਵੱਜੇ।

* * * * *



ਉੱਜਲ ਦੁਸਾਂਝ

ਜ਼ਬਾਨ ਦੀ ਸ਼ੁੱਧੀ ਦੇ ਮਾਹਰ ਹੋਣਾ ਬਹੁਤ ਜ਼ਰੂਰੀ ਹੈ। ਜੇ ਸਾਡੀ ਜ਼ੁਬਾਨ ਸਰਲ ਸੁਲਝੀ ਅਤੇ ਸੇਧ ਭਰੀ ਹੋਵੇ ਤਾਂ ਇਹ ਸਾਡੇ ਠੀਕ ਸੋਚ ਦੇ ਮਾਲਕ ਬਨਣ ਵਿਚ ਬਹੁਤ ਮੱਦਦ ਕਰ ਸਕਦੀ ਹੈ। ਗੱਲ ਕੀ — ਕਿ ਲਫਜ਼ ਆਉਂਦੇ ਹੋਣਗੇ ਤਦ ਹੀ ਭਾਵਨਾਵਾਂ, ਰਾਵਾਂ, ਵਿਚਾਰਾਂ ਆਦਿ ਨੂੰ ਦਰਸਾ ਸਕਾਂਗੇ।

* * * * * * * *

ਆਪਣੇ ਬੀਤੇ ਸਮੇਂ (Past)ਵਾਰੇ ਖਬਰ ਅਤੇ ਸਮਝ ਹੋਣੀ ਬਹੁਤ ਜ਼ਰੂਰੀ ਹੈ। ਇਸ ਤੋਂ ਬਿਨਾਂ ਸਾਡੇ ਖਿਆਲ ਉਸ ਕਿਸ਼ਤੀ ਦੇ ਬਰਾਬਰ ਹੁੰਦੇ ਹਨ ਜੋ ਬਿਨ੍ਹਾਂ ਮਲ੍ਹਾਹ ਅਤੇ ਬਿਨ੍ਹਾਂ ਸੇਧ ਸਮੁੰਦਰ ਚੁ ਠਿਲ੍ਹਦੀ ਫਿਰਦੀ ਹੈ। ਆਤਕੰਵਾਦ ਦੀ ਜੜ੍ਹ ਦਾ ਇਕ ਹਿਸਾ ਮਨੁੱਖ ਦੀ ਸੇਧ ਅਤੇ ਮਕਸਦ ਗੁਆਚਣ ਨਾਲ ਭੀ ਸਬੰਧ ਰੱਖਦਾ ਹੈ। ਅਗਰ ਸਾਨੂੰ ਆਪਣੇ ਅਸੂਲਾਂ ਵਾਰੇ ਪੂਰਾ ਯਕੀਨ ਹੋਵੇ — ਤਾਂ ਜ਼ਿੰਦਗੀ ਦੀਆਂ ਜੱਦੋਜਿਹਦਾ ਬਹੁਤ ਆਸਾਨ ਬਣ ਜਾਂਦੀਆਂ ਹਨ। ਲੇਕਿਨ ਸਾਨੂੰ ਤਾਂ ਕਈ ਵਾਰੀ ਪਤਾ ਭੀ ਨਹੀਂ ਹੁੰਦਾ ਕਿ ਸਾਡੀ ਜ਼ਿੰਦਗੀ ਦੇ ਅਰਥ ਕੀ ਹਨ? ਇਹ ਸਭ ਕੁਝ ਜ਼ੁਬਾਨ ਅਤੇ ਯਾਦਾਸ਼ਤ ਪੁਰ ਧੁੰਦਲ੍ਹਾਪਣ ਛਾਅ ਜਾਣ ਕਾਰਨ ਭੀ ਹੋ ਜਾਂਦਾ ਹੈ। ਇਸ ਕਾਰਨ ਜ਼ੁਬਾਨ ਚੁ ਨਿਪੁੰਨਤਾ ਅਤੇ ਇਤਹਾਸਕ ਵਾਕਫੀਅਤ ਮਨੁੱਖਤਾ ਦੀ ਤਰੱਕੀ ਸ਼ੁਦਾ ਵਿਚਾਰਧਾਰਾ ਲਈ ਜ਼ਰੂਰੀ ਹਨ।

* * * * * * * * *

ਸੈਂਸਰਸ਼ਿਪ ਦੀ ਗੱਲ ਚਲਦੀ ਹੈ। ਅਸੀਂ ਪੰਜਾਬ ਵਿੱਚ ਸੈਂਸਰਸ਼ਿਪ ਤੋਂ ਬਹੁਤ ਦੁਖੀਸਾਂ। ਕਦੇ ਭੀ ਕਿਤੇ ਭੀ ਸੈਂਸਰਸ਼ਿਪ ਹੋਵੇ — ਕਿਸੇ ਭੀ ਕਾਰਨ ਕਰਕੇ ਕਿਉਂ ਨਾ ਹੋਵੇ — ਕਦੀ ਭੀ ਜ਼ਾਇਜ਼ ਨਹੀਂ ਸਮਝੀ ਜਾ ਸਕਦੀ। ਮੈਂ ਦੁਨੀਆਂ ਦੇ ਕਈ ਹਿਸਿਆਂ ਚੁ ਘੁੰਮਿਆਂ ਹਾਂ। ਲੋਕ ਇਕ ਦੂਜੇ ਨੂੰ ਭੈੜੀਆਂ ਤੋਂ ਭੈੜੀਆਂ ਹਰਕਤਾਂ ਦਾ ਸ਼ਿਕਾਰ ਬਣਾ ਰਹੇ ਹਨ। ਪਰ ਉਥੇ ਦੇ ਬੁਰੇ ਹਾਲਾਤ ਹੋਰ ਭੀ ਬੁਰੇ ਲੱਗਣ ਲੱਗ ਪੈਂਦੇ ਹਨ — ਜਿੱਥੇ ਆਲੇ ਦੁਆਲੇ ਹਨੇਰਾ ਹੀ ਹਨ੍ਹੇਰਾ ਹੋਵੇ। ਇਹ ਸੱਚ ਹੈ। ਜਾਣਕਾਰੀ, ਖਬਰਾਂ (Information) ਆਪਣੇ ਆਪ ਵਿਚ ਇਕ ਚਾਨਣ ਹਨ ਜੋ ਹਨੇਰਿਆਂ ਦਾ ਬੋਝ ਹਲਕਾ ਕਰ ਦਿੰਦੀਆਂ ਹਨ।

* * * *

'ਬਾਰਾਂ ਮਾਹ' ਉਤੇ ਫਿਲਮ ਬਣਾਉਣ ਦਾ ਫੈਸਲਾ

ਚੰਡੀਗੜ੍ਹ - (ਪੰਜਾਬੀ ਟ੍ਰਿਬਿਊਨ ਬਿਊਰੋ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਰਚਨਾ "ਬਾਰਾਂ ਮਾਹ" ਤੇ ਇੱਕ ਦਸਤਾਵੇਜ਼ੀ ਫਿਲਮ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਰਾਗ ਤੁਖਾਰੀ 'ਚ ਲਿਖੀ ਇਸ ਅਧਿਆਤਮਕ ਕਵਿਤਾ 'ਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਪ੍ਰਮੇਸ਼ਵਰ ਰੂਪੀ ਪਤੀ ਤੋਂ ਵਿਛੜੀ ਔਰਤ ਦੀ ਵੇਦਨਾ ਨੂੰ ਸਾਕਾਰ ਕੀਤਾ ਹੈ। ਇਹ ਫਿਲਮ "ਬਾਰਾਂ ਮਾਹ" ਦੀ ਮਾਨਵ ਸ਼ਾਸਤਰੀ ਵਿਆਖਿਆ ਉਤੇ ਅਧਾਰਿਤ ਹੋਵੇਗੀ।

ਵਿਭਾਗ ਦੇ ਚੇਅਰਮੈਨ ਡਾ. ਦਰਸ਼ਨ ਸਿੰਘ ਦੇ ਦੱਸਣ ਅਨੁਸਾਰ "ਸਿਨੇਮਾ ਵੈਰਿਟੀ" ਤਕਨੀਕ ਉਤੇ ਅਧਾਰਤ ਇਸ ਫਿਲਮ ਦਾ ਨਿਰਦੇਸ਼ਨ ਪ੍ਰੋ. ਸ਼ਿਵ ਰਣਜੀਤ ਸਿੰਘ ਬਾਜਵਾ ਕਰਨਗੇ। ਪ੍ਰੋ. ਬਾਜਵਾ ਇਸ ਤੋਂ ਪਹਿਲਾਂ ਉਘੇ ਯੂਨਾਨੀ ਫਿਲਮ ਨਿਰਦੇਸ਼ਕ ਨਿਕੋਸ ਪੇਰੀਕੋਸ ਨਾਲ ਸਹਾਇਕ ਨਿਰਦੇਸ਼ਕ ਦੇ ਤੌਰ 'ਤੇ "ਪ੍ਰੈਜ਼ੈਂਟ ਇਡੀਆ" ਨਾਮੀ ਇੱਕ ਦਸਤਾਵੇਜ਼ੀ ਫਿਲਮ ਬਣਾ ਚੁੱਕੇ ਹਨ।

ਇਸ ਫਿਲਮ ਵਿੱਚ ਕਲਾਕਾਰਾਂ ਤੇ ਦੂਸਰੇ ਤਕਨੀਕੀ ਅਮਲੇ ਦੀ ਚੋਣ ਕਰਨ ਲਈ ਪ੍ਰੋ. ਬਾਜਵਾ ਨੂੰ ਬੇਨਤੀ ਕੀਤੀ ਗਈ ਹੈ।

ਪਿੰਡ ਚੱਬੇਵਾਲ ਵਿੱਚ ਬਾਇਓ ਗੈਸ ਪਲਾਂਟ

ਹੁਸ਼ਿਆਰਪੁਰ - (ਨਿੱਜੀ ਪੱਤਰ ਪ੍ਰੇਰਕ) ਇਥੋਂ 10 ਕਿਲੋਮੀਟਰ ਦੂਰ ਪਿੰਡ ਚੱਬੇਵਾਲ ਵਿੱਚ 5 ਲੱਖ ਰੁਪਏ ਦੀ ਲਾਗਤ ਨਾਲ ਬਾਇਓ ਗੈਸ ਪਲਾਂਟ ਕਾਇਮ ਕੀਤਾ ਜਾ ਰਿਹਾ ਹੈ।

ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਸ੍ਰੀ ਐਸ. ਆਰ. ਬੰਗੜ ਅਨੁਸਾਰ ਸ਼ੁਰੂ ਵਿੱਚ ਪਿੰਡ ਦੇ ਸੌ ਪਰਿਵਾਰਾਂ ਨੂੰ ਇਸ ਪਲਾਂਟ ਤੋਂ ਗੈਸ ਕੁਨੈਕਸ਼ਨ ਦਿੱਤੇ ਜਾਣਗੇ।

ਐਡਵਰਟਾਇਜਮਿੰਟ ਲਈ ਫੋਨ ਕਰੋ - ਭਵਖੰਡਨ 324-4381

JIM PATTISON

PONTIAC - BUICK - CADILLAC and GMC

3434 MAIN ST. VANCOUVER, B.C.

Tel. 879-4233




1985 ਦੀਆਂ ਨਵੀਆਂ ਕੈਡਲਿਕ ਖ੍ਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫ਼ੋਨ ਕਰੋ

TIME FOR BUYING 1984 CARS & TRUCKS

ALSO TIME FOR BUYING 1985 NEW MODELS




Parlad Gill

Bus. 879 - 4233

Res. 435 - 1834





ਐਤਵਾਰ ਨੂੰ 10.30 ਵਜੇ ਸਵੇਰ ਤੋਂ ਲੈ ਕੇ 4.00 ਵਜੇ ਸ਼ਾਮ ਤੱਕ ਆਪਦੀ ਸੇਵਾ ਲਈ ਹਾਜ਼ਰ ਹਾਂ

ਸਾ ਹਿ ਤ ਦ ਰ ਪ ਣ

ਕਹਾਣੀ

ਕਤਲਗਾਹ

ਯੁਵਰਾਜ ਸਿੰਘ ਰਤਨ

ਸਰਬਜੀਤ ਨੂੰ ਕੈਨੇਡਾ ਤੋਂ ਪਰਤੇ ਥੋਹੜੇ ਹੀ ਦਿਨ ਹੋਏ ਸਨ। ਉਹ ਆਪਣੇ ਵਿਹੜੇ ਵਿਚ ਬੈਠੀ ਵਾਲਾਂ ਨੂੰ ਕੰਘੀ ਕਰ ਰਹੀ ਸੀ, ਤਦ ਇਕ ਗੁਆਂਢਣ ਨੇ ਆਕੇ ਪੁੱਛਿਆ, "ਸਰਬੋ ਇਹ ਕੀ, ਮੈਨੂੰ ਤਾਂ ਤੇਰੇ ਵਾਲਾਂ ਵਿਚੋਂ ਸੰਧੂਰੀ ਮਾਂਗ ਮੱਧਮ ਜਿਹੀ ਲਗਦੀ ਹੈ। ਕੁੜੇ ਸਭ ਸੁਖ-ਸਾਂਦ ਤੇ ਹੈ। ਤੂੰ ਐਨੀ ਛੇਤੀ ਪਰਦੇਸੋਂ ਮੁੜ ਆਈ ਤੇ ਨਾਲੇ ਤੇਰੇ ਚਿਹਰੇ ਤੇ ਰੌਣਕ ਵੀ ਨਹੀਂ ਹੈ।" ਹਾਲੇ ਗੁਆਂਢਣ ਨੇ ਗੱਲ ਮੁਕਾਈ ਹੀ ਸੀ, ਸਰਬਜੀਤ ਨੇ ਉੱਚੀ ਉੱਚੀ ਭੁੱਬਾਂ ਮਾਰਕੇ ਰੋਣਾ ਸ਼ੁਰੂ ਕਰ ਦਿਤਾ। ਉਹਦਾ ਅੰਦਰਲਾ ਪਾਟ ਜਾਣ ਨੂੰ ਕਰਦਾ ਸੀ। ਸਰਬਜੀਤ ਰੋਂਦੀ ਵੀ ਰਹੀ ਤੇ ਉੱਚੀ ਉੱਚੀ ਹਰਮੀਤ ਨੂੰ ਗਾਲਾਂ ਕਢਣੀਆਂ ਸ਼ੁਰੂ ਕਰ ਦਿਤੀਆਂ। "ਹਰਮੀਤ ਤੇਰਾ ਕਖ ਨਾਂ ਰਹੇ ਤੇ ਤੇਰੇ ਘਰਦਿਆਂ ਦਾ ਵੀ ਕਖ ਨਾਂ ਰਹੇ ਜਿਨ੍ਹਾਂ ਮੈਨੂੰ ਆਹ ਦਿਨ ਵਿਖਾਏ। ਪਰਦੇਸੋਂ ਆਇਆ ਗਿੰਦਰ ਦਸ ਰਿਹਾ ਸੀ ਕਿ ਕਿਵੇਂ ਸਰਬਜੀਤ ਦੁੱਖਾਂ ਦੀ ਭੱਠੀ ਵਿਚ ਭੁੱਜ ਰਹੀ ਹੈ। ਗਿੰਦਰ ਸਰਬਜੀਤ ਦਾ ਦੂਰੋਂ -ਨੇੜਿਉਂ ਰਿਸ਼ਤੇਦਾਰੀ ਵਿਚੋਂ ਸੀ।

ਸੱਤਰਵਿਆਂ ਵਿਚ ਕੈਨੇਡਾ ਖੁਲਣ ਦਾ ਸ਼ੋਰ ਪੰਜਾਬ ਵਿਚ ਪੈ ਚੁਕਾ ਸੀ। ਤੇ ਪੰਜਾਬ ਵਿਚੋਂ ਪੜ੍ਹੀ ਲਿਖੀ ਪਨੀਰੀ ਦਾ ਰੁਝਾਵ ਕੈਨੇਡਾ ਵਲ ਵਹੀਰਾਂ ਘਤ ਰਿਹਾ ਸੀ। ਹਰਮੀਤ ਨਾਲ ਉਸਦੇ ਪੜ੍ਹਦੇ ਸਾਰੇ ਦੋਸਤ ਇਕ ਇਕ ਕਰਕੇ ਕੈਨੇਡਾ ਪਹੁੰਚ ਰਹੇ ਸੀ। ਪਰ ਹਰਮੀਤ ਦੇ ਘਰਦਿਆਂ ਵਿਚ ਇਨ੍ਹੀ ਹਿੰਮਤ ਨਹੀਂ ਸੀ ਕਿ ਉਸਨੂੰ ਕੈਨੇਡਾ ਭੇਜ ਸਕਦੇ। ਜਾਣ ਲਗੇ ਹਰਮੀਤ ਦੇ ਦੋਸਤਾਂ ਨੇ ਹਾਮੀ ਜਰੂਰ ਭਰੀ ਸੀ ਕਿ ਅਸੀਂ ਤੈਨੂੰ ਕਿਵੇਂ ਵੀ ਹੋਵੇ ਕੈਨੇਡਾ ਸੱਦ ਲਵਾਂਗੇ।

ਹਰਮੀਤ ਉਨ੍ਹੀਂ ਦਿਨੀਂ ਸਟੂਡੈਂਟ ਯੂਨੀਅਨ ਵਿਚ ਚਿੱਠੀ ਰਸਾਇਣ ਤੇ ਸੁਨੇਹਾ ਲੈਣ ਦੇਣ ਦਾ ਕੰਮ ਕਰਦਾ ਸੀ। ਸਮਾਂ ਬੀਤਦਾ ਗਿਆ ਤੇ ਹਰਮੀਤ ਦੇ ਦੋਸਤਾਂ ਦੇ ਦਲਾਸੇ ਤੇ ਵਾਹਦੇ ਰਲਵੇਂ ਮਿਲਵੇਂ ਆਉਂਦੇ ਰਹੇ। ਇਸ ਸਮੇਂ ਦੌਰਾਨ ਹਰਮੀਤ ਨੇ ਬੀ. ਏ. ਕਰ ਲਈ ਸੀ, ਪਰ ਉਸਨੂੰ ਕੋਈ ਨੌਕਰੀ ਨਹੀਂ ਮਿਲੀ ਸੀ। ਨੌਕਰੀ ਫਿਰ ਸਿਫਾਰਸ਼ ਹੈ ਹੀ ਨਹੀਂ ਸੀ। ਹਰਮੀਤ ਦੇ ਘਰ ਦੋ ਡੰਗ ਰੋਟੀ ਪੱਕਣੀ ਵੀ ਦੁੱਭਰ ਹੁੰਦੀ ਜਾ ਰਹੀ ਸੀ। ਅਖੀਰ ਉਸਨੂੰ ਥੋਹੜੇ ਪੈਸਿਆਂ ਤੇ ਮਾਸਟਰ ਦੀ ਨੌਕਰੀ ਮਿਲ ਗਈ ਸੀ। ਇਸ ਤਰ੍ਹਾਂ ਨਾਲ ਹਰਮੀਤ ਦੇ ਘਰਦਿਆਂ ਦਾ ਗੁਜਾਰਾ ਚਲਣ ਲਗਾ ਪਰ ਹਰਮੀਤ ਦੀ ਨਿਗਾਹ ਹਮੇਸ਼ਾਂ ਹੀ ਕੈਨੇਡਾ ਵਲ ਰਹਿੰਦੀ। ਕਦੋਂ ਉਸਦੇ ਦੋਸਤ ਉਸਨੂੰ ਸੱਦਣ ਤੇ ਉਹ ਵੀ ਕਨੇਡਾ ਪਹੁੰਚਦਾ ਹੋਵੇ।

ਸਾਰੇ ਦੋਸਤਾਂ ਵਿਚੋਂ ਨਛੱਤਰ ਹੀ ਹਰਮੀਤ ਦਾ ਜਿਗਰੀ ਦੋਸਤ ਸੀ ਜੋ ਉਸਦੇ ਹਮੇਸ਼ਾਂ ਹੀ ਅੜੇ ਥੁੜੇ ਕੰਮ ਆਉਂਦਾ ਰਿਹਾ ਸੀ। ਨਛੱਤਰ ਨੇ ਕੈਨੇਡਾ ਆਉਣ ਤੋਂ ਪਹਿਲਾਂ ਆਪਣੀ ਸ਼ਾਦੀ ਸਰਬਜੀਤ ਨਾਲ ਕਰਵਾ ਲਈ ਸੀ। ਹਰਮੀਤ ਹੀ ਨਛੱਤਰ ਦੀ ਮੰਗੇਤਰ ਨੂੰ ਵੇਖਕੇ ਆਇਆ ਸੀ ਤੇ ਉਸਦੇ ਮਗਰੋਂ ਹੀ ਨਛੱਤਰ ਨੇ ਹਾਂ ਕੀਤੀ ਸੀ।

ਕੈਨੇਡਾ ਵਿਚਲੇ ਸਾਰੇ ਦੋਸਤਾਂ ਨੇ ਆਪਣੇ ਵਿਤ ਅਨੁਸਾਰ ਮੱਦਦ ਕਰਕੇ ਹਰਮੀਤ ਨੂੰ ਵੀ ਕੈਨੇਡਾ ਬੁਲਾ ਲਿਆ ਸੀ। ਨਛੱਤਰ ਨੇ ਜਿਗਰੀ ਦੋਸਤ ਦੇ ਨਾਤੇ ਹਰਮੀਤ ਨੂੰ ਮੰਗਾਉਣ ਵਿਚ ਸਭ ਤੋਂ ਜਿਆਦਾ ਹਿੱਸਾ ਪਾਇਆ ਸੀ। ਪਰ ਕੈਨੇਡਾ ਆਉਣ ਤੋਂ ਪਹਿਲਾਂ ਹਰਮੀਤ ਚਿੱਠੀ ਰਸਾਇਣ ਤੋਂ ਤਰੱਕੀ ਕਰਕੇ ਸਟੂਡੈਂਟ ਯੂਨੀਅਨ ਵਿਚ ਦਿਲਚਸਪੀ ਲੈਣ ਲੱਗ ਪਿਆ ਸੀ। ਕਦੇ ਕਦਾਈਂ ਉਸਦੇ ਘਰ ਵੀ ਯੂਨੀਅਨ ਦੀ ਮੀਟਿੰਗ ਹੁੰਦੀ ਸੀ। ਪਰ ਜਦੋਂ ਯੂਨੀਅਨ ਦੇ ਮੈਂਬਰਾਂ ਨੂੰ ਭਿਣਕ ਪਈ ਕਿ ਹਰਮੀਤ ਵੀ ਕੈਨੇਡਾ ਜਾ ਰਿਹਾ ਹੈ ਤਦ ਉਨ੍ਹਾਂ ਦਾ ਵਿਸ਼ਵਾਸ਼ ਹਰਮੀਤ ਪ੍ਰਤੀ ਉੱਡ ਚੁੱਕਾ ਸੀ।

ਹਰਮੀਤ ਨੇ ਕੈਨੇਡਾ ਵਿਚ ਆ ਕੇ ਆਪਣੀ ਅਖੌਤੀ ਇਨਕਲਾਬੀ ਚੜ੍ਹਤ ਨੂੰ ਕਾਇਮ ਰੱਖਣ ਦਾ ਢੌਂਗ ਰਚਿਆ। ਆਉਂਦੇ ਸਾਰ ਹੀ ਕੈਨੇਡਾ ਵਿਚਲੇ ਦੋਸਤਾਂ ਵਿਚ ਮਾਰਕਸਬਾਜ਼ੀ ਦੀਆਂ ਗਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਜਦ ਵੀ ਸਾਰੇ ਦੋਸਤ ਇਕੱਠੇ ਹੁੰਦੇ ਹਰਮੀਤ ਉਨ੍ਹਾਂ ਵਿਚ ਹਰੇ ਘੁਲਾਟੀਏ ਦੀ ਤਰ੍ਹਾਂ ਭਾਰਤ ਵਿਚਲੀਆਂ ਘਟਨਾਵਾਂ ਨੂੰ ਲੂਣ-ਮਸਾਲਾ ਲਾ ਲਾ ਪੇਸ਼ ਕਰਦਾ। ਦੋਸਤਾਂ ਦੀ ਢਾਣੀ ਬਹਿੰਦੀ ਰਹੀ ਤੇ ਹਰਮੀਤ ਦੇ ਬਾਰੂਦੀ-ਗਪੌੜ ਚਲਦੇ ਰਹੇ। ਧੀਰੇ ਧੀਰੇ ਹਰਮੀਤ ਦੇ ਦੋਸਤਾਂ ਨੂੰ ਪਤਾ ਚਲ ਗਿਆ ਸੀ ਕਿ ਹਰਮੀਤ ਦੇ ਅੰਦਰ ਜਦੋਂ ਵਿਸਕੀ ਦੀਆਂ ਦੋ-ਘੁੱਟਾਂ ਸੰਘ ਵਿਚਦੀ ਜਾਂਦੀਆਂ ਤੇ ਉਧਰ ਉਸਦੀ ਗਲਾਂ ਦੀ ਲੜੀ ਦਾ ਸਿਲਸਲਾ ਸ਼ੁਰੂ ਹੋ ਜਾਂਦਾ। ਹਰਮੀਤ ਦੇ ਦੋਸਤ ਹੁੰਗਾਰਾ ਭਰਦੇ ਤਾਂ ਥੱਕ ਜਾਂਦੇ ਪਰ ਉਹ ਆਪ ਕਦੇ ਨਾਂ ਥੱਕਦਾ। ਹਰਮੀਤ ਆਪਣੇ ਦੋਸਤਾਂ ਵਿਚ ਕਾਮਰੇਡ ਦੇ ਨਾਂ ਨਾਲ ਯਾਦ ਕੀਤਾ ਜਾਂਦਾ। ਸੱਥ ਵਿਚ ਬੈਠੇ ਖੁੰਡ-ਪ੍ਰਧਾਨ, ਜ਼ਿਆਦਾ ਬੋਲਣ ਵਾਲੇ ਦੇ ਨਾਂ ਪਿਛੇ ਕਾਮਰੇਡ ਦਾ ਫੱਟਾ ਲਾ ਦਿੰਦੇ ਹਨ। ਸੋ ਇਹ ਆਹੁਦਾ ਹਰਮੀਤ ਦੇਸੋਂ ਆਉਂਦਾ ਹੋਇਆ ਨਾਲ ਹੀ ਲੈਕੇ ਆਇਆ ਸੀ।

ਹਰਮੀਤ ਨੇ ਕੈਨੇਡਾ ਪਹੁੰਚਕੇ ਨਛੱਤਰ ਦੇ ਸਾਰੇ ਕਾਰਨਾਮੇ ਵੇਖ ਲਏ ਸਨ। ਹਰਮੀਤ ਦਾ ਜਿਗਰੀ ਦੋਸਤ ਇਥੋਂ ਦੀ ਕਲੱਬਾਂ ਵਿਚ ਹਮੇਸ਼ ਦੀ ਤਰ੍ਹਾਂ ਜਾਂਦਾ ਰਿਹਾ, ਨੰਗੇ ਨਾਚ ਵੇਖਦਾ ਤੇ ਇਸ ਤੋਂ ਵੱਧ ਜੋ ਪੱਛਮੀ ਸਭਿਅੰਤਾ ਵਿਚ ਹੁੰਦਾ ਹੈ, ਉਸਦੇ ਹਮਾਮ ਵਿਚ ਵੀ ਤਾਰੀਆਂ ਲਾਉਂਦਾ। ਨਛੱਤਰ ਨੂੰ ਪੱਛਮੀ ਸਭਿਅਤਾ ਨੇ ਆਪਣਾ ਗੁਲਾਮ ਬਣਾ ਲਿਆ ਸੀ।

ਹਰਮੀਤ ਇਹ ਸਭ ਕੁਝ ਵੇਖਦਾ ਹੋਇਆ ਵੀ ਅਣਡਿੱਠ ਕਰ ਰਿਹਾ ਸੀ। ਨਛੱਤਰ ਨੇ ਹੀ ਹਰਮੀਤ ਦੀ ਸਭ ਤੋਂ ਜਿਆਦਾ ਮੱਦਦ ਕੈਨੇਡਾ ਆਉਣ ਵਿਚ ਕੀਤੀ ਸੀ। ਹਰਮੀਤ ਲਈ ਨਛੱਤਰ ਅੰਨ ਦਾਤੇ ਤੋਂ ਵੱਧ ਨਜ਼ਰ ਆ ਰਿਹਾ ਸੀ। ਤੇ ਫਿਰ ਨਛੱਤਰ ਨੇ ਸਾਰੀ ਮੱਦਦ ਵੀ ਜਿਗਰੀ ਦੋਸਤ ਦੇ ਨਾਤੇ ਮੁਆਫ ਕਰ ਦਿੱਤੀ ਸੀ। ਭਾਵੇਂ ਹਰਮੀਤ ਦੇ ਉਸਾਰੂ ਤੇ ਇਨਕਲਾਬੀ ਖਿਆਲਾਂ ਦੇ ਬਿਲਕੁਲ ਉਲਟ ਸੀ, ਪਰ ਦੂਸਰੇ ਪਾਸੇ ਹਰਮੀਤ ਨੂੰ ਆਪਣਾ ਤੇ ਉਸਦੇ ਘਰਦਿਆਂ ਦਾ ਭਵਿੱਖ ਉਜਾਲਾ ਨਜ਼ਰ ਆ ਰਿਹਾ ਸੀ। ਇਸੇ ਸਦਕਾ ਅੱਜ ਹਰਮੀਤ ਦਾ ਸਾਰਾ ਪਰਵਾਰ ਕੈਨੇਡਾ ਵਿਚ ਸੀ। ਇਸ ਸਾਰੇ ਸਮੇਂ ਵਿਚ ਹਰਮੀਤ ਦੀ ਸ਼ਕਤੀ ਪੈਸੇ ਕਮਾਕੇ ਘਰਦਿਆਂ ਨੂੰ ਸੱਦਣ ਵਿਚ ਲਗੀ ਸੀ - ਦੋਸਤਾਂ ਦੀਆਂ ਬੈਠਕਾਂ ਹੁਣ ਕਦੇ-ਕਦਾਈਂ ਬੈਠਣ ਲੱਗੀਆਂ। ਹਰਮੀਤ ਵੀ ਸਿਰ ਸੁੱਟਕੇ ਡਾਲਰਾਂ ਨੂੰ ਜੋੜਨ ਦੇ ਚੱਕਰ ਵਿਚ ਪੈ ਚੁੱਕਾ ਸੀ।

ਹਰਮੀਤ ਦੇ ਪਰਵਾਰ ਨਾਲ ਹੀ ਸਰਬਜੀਤ ਵੀ ਕੈਨੇਡਾ ਆ ਗਈ ਸੀ। ਉਨੀਂ ਦਿਨੀਂ ਨਛੱਤਰ ਦਾ ਉਸ ਪ੍ਰਤੀ ਵਰਤਾਉ ਜਿਸ ਵਿਚ ਰੱਤੀ ਭਰ ਵੀ ਸੁਨੇਹ ਜਾਂ ਪਿਆਰ ਨਹੀਂ ਸੀ। ਉਸ ਵਿਚ ਭਾਰਤ ਵਾਲਾ ਨਛੱਤਰ ਪੁਣਾ ਕਿਤੇ ਦਿਸ ਵੀ ਨਹੀਂ ਰਿਹਾ ਸੀ।

ਸਰਬਜੀਤ ਭੁੱਖੀ-ਭਾਣੀ ਹਰ ਰੋਜ਼ ਬੀਤੀ ਰਾਤ ਤੱਕ ਨਛੱਤਰ ਦਾ ਇੰਤਜਾਰ ਕਰਦੀ ਰਹਿੰਦੀ। ਜਦੋਂ ਨਛੱਤਰ ਘਰ ਆਉਂਦਾ ਤਾਂ ਸ਼ਰਾਬ ਨਾਲ ਪੂਰਾ ਰੱਜਿਆ ਹੁੰਦਾ ਤੇਅੰਦਰ ਵੜਦਾ ਹੀ ਗਾਲਾਂ ਦੀ ਬੁਛਾੜ ਕਰਨੀ ਸ਼ੁਰੂ ਕਰ ਦਿੰਦਾ। "ਤੂੰ ਹਾਲੇ ਤੀਕ ਸੁੱਤੀ ਨਹੀਂ, ਤੈਨੂੰ ਮੇਰਾ ਇੰਤਜ਼ਾਰ ਕਰਨ ਦੀ ਲੋੜ ਨਹੀਂ, ਆਪਣੀ ਰੋਟੀ ਖਾਧੀ ਤੇ ਸੌਂ ਗਈ। ਇੱਥੇ ਕੋਈ ਕਿਸੇ ਦੀ ਉਡੀਕ ਨਹੀਂ ਕਰਦਾ ਤੇ ਨਾਂ ਹੀ ਕਿਸੇ ਲਈ ਐਨਾ ਸਮਾਂ ਹੈ।" ਹਰ ਰੋਜ਼ ਹੀ ਇਸੇ ਤਰ੍ਹਾਂ ਦਾ ਚੱਕਰ ਚਲਦਾ ਰਿਹਾ। ਸਰਬਜੀਤ ਨਛੱਤਰ ਵਿਚ ਲੋਹੜੇ ਦਾ ਅੰਤਰ ਵੇਖ ਰਹੀ ਸੀ।

ਨਛੱਤਰ ਬੀਤੀ ਰਾਤ ਆਉਂਦਾ, ਗਾਲੀ-ਗਲੋਚ ਤੇ ਧੌਲ-ਧੱਫਾ ਕਰਕੇ ਸੌਂਦਾ। ਸਰਬਜੀਤ ਅਰਮਾਨਾਂ ਦੀ ਪੰਡ ਲੈ ਕੇ ਹਵਾਈ ਜਹਾਜ਼ ਵਿਚ ਬੈਠੀ ਸੀ। ਅੱਜ ਉਹ ਸਾਰੇ ਅਰਮਾਨ ਇਕ ਇਕ ਕਰਕੇ ਪੱਛਮੀ ਸਭਿਅਤਾ ਨੇ ਆਪਣੀ ਕਤਲਗਾਹ ਦੀ ਲਪੇਟ ਵਿਚ ਲੈ ਲਏ ਸਨ। ਹਰ ਰੋਜ਼ ਦੀ ਮਾਰ ਕੁਟਾਈ ਤੇ ਗਾਲੀ-ਗਲੋਚ ਮਗਰੋਂ ਇਕ ਦਿਨ ਆਇਆ ਜਦੋਂ ਨਛੱਤਰ ਨੇ ਧੱਕੇ ਮਾਰਕੇ ਸਰਬਜੀਤ ਨੂੰ ਘਰੋਂ ਬਾਹਰ ਕੱਢ ਦਿਤਾ ਸੀ। ਬੇਗਾਨਾ ਮੁਲਕ ਤੇ ਸਭ ਵੱਲੋਂ ਅਣਜਾਣ। ਸਰਬਜੀਤ ਨੂੰ ਘਰੋਂ ਬਾਹਰ ਕੱਢ ਕੇ ਨਛੱਤਰ ਨੇ ਹਰਮੀਤ ਨੂੰ ਫੋਨ ਕੀਤਾ ਤੇ ਕਿਹਾ, "ਮੈਂ ਸਰਬਜੀਤ ਨੂੰ ਤੇਰੇ ਕੋਲ ਭੇਜ ਰਿਹਾ ਹਾਂ ਤੇ ਤੂੰ ਇਸ ਨੂੰ ਕਿਸੇ ਤਰ੍ਹਾਂ ਵੀ ਭਾਰਤ ਪਹੁੰਚਦਾ ਕਰ। ਇਹ ਹੁਣ ਤੇਰੀ ਜ਼ੁਮੇਂਵਾਰੀ ਹੈ।" ਅਗਲੀ ਸਵੇਰ ਸਰਬਜੀਤ ਹਰਮੀਤ ਦੇ ਪਰਵਾਰ ਵਿਚ ਸੀ।

ਸਰਬਜੀਤ ਦੀਆਂ ਸਾਰੀਆਂ ਖੁਸ਼ੀਆਂ ਛਾਈਂ ਮਾਈਂ ਹੋ ਗਈਆਂ ਸਨ। ਉਸਨੂੰ ਆਪਣਾ ਭਵਿੱਖ ਧੁਆਂਖਿਆ ਨਜ਼ਰ ਆ ਰਿਹਾ ਸੀ ਉਸਨੂੰ ਕੱਢਣ ਵਾਲਾ ਕੋਈ ਨਹੀਂ ਸੀ।

ਹਰਮੀਤ ਦੇ ਪਰਵਾਰ ਵੱਲੋਂ ਹਰ ਰੋਜ਼ ਤਾਹਨੇ-ਮੇਹਣੇ ਸੁਣ ਸੁਣ ਉਸਦਾ ਅੰਦਰਲਾ ਪਾਟ ਜਾਣ ਨੂੰ ਕਰਦਾ ਸੀ। ਸਰਬਜੀਤ ਦਾ ਇਸ ਦੁੱਖ ਘੜੀ ਵਿਚ ਕੋਈ ਵੀ ਸਾਥੀ ਨਹੀਂ ਸੀ ਜਿਸ ਕੋਲ ਮਨ ਵਿਚ ਆਏ ਜਵਾਰ-ਭਾਟੇ ਨੂੰ ਉਗਲੱਛ ਸਕਦੀ। ਹਰਮੀਤ ਦਾ ਪਰਵਾਰ ਸਰਬਜੀਤ ਦੀ ਖਿਲੀ ਉਡਾਉਂਦਾ ਰਿਹਾ। ਹੁਣ ਤੀਕ ਤੱਕ ਬੀਤਿਆ ਸਮਾਂ ਸਰਬਜੀਤ ਲਈ ਇਕ ਸਦੀ ਤੋਂ ਵੱਧ ਲਗ ਰਿਹਾ ਸੀ।

ਹਰਮੀਤ ਦਾ ਇਨਕਲਾਬਪੁਣਾ ਨਛੱਤਰ ਦੇ ਅਹਿਸਾਨਾਂ ਮੂਹਰੇ ਕਦੋਂ ਦਾ ਦੱਮ ਘੁੱਟ ਕੇ ਮਰ ਚੁੱਕਾ ਸੀ। ਉਸ ਵਿਚ ਐਨੀ ਵੀ ਹਿੰਮਤ ਨਹੀਂ ਸੀ ਕਿ ਉਹ ਇਕ ਵੇਰਾਂ ਤਾਂ ਨਛੱਤਰ ਨੂੰ ਕਹੇ ਕਿ ਇਸ ਕੁਰਾਹੇ ਰਾਹ ਨੂੰ ਛੱਡਕੇ ਸਰਬਜੀਤ ਨੂੰ ਆਪਣੇ ਕੋਲ ਵਾਪਸ ਬੁਲਾ ਲੈ। ਨਛੱਤਰ ਦੀਆਂ ਕੀਤੀਆਂ ਹਰਮੀਤ ਪ੍ਰਤੀ ਮਿਹਰਬਾਨੀਆਂ ਅੱਜ ਉਹ ਉਸਨੂੰ ਅੰਨਦਾਤੇ ਦੇ ਰੂਪ ਵਿਚ ਵੇਖ ਰਿਹਾ ਸੀ। ਬੜਬੋਲੇ ਹਰਮੀਤ ਦੇ ਮੂੰਹ ਤੋਂ ਜਿਸ ਤਰ੍ਹਾਂ ਕਿਸੇ ਜਿੰਦਰਾ ਮਾਰ ਦਿਤਾ ਹੋਵੇ।

ਬੇ-ਸਹਾਰਾ ਸਰਬਜੀਤ ਲੁੱਟੇ-ਸੁਹਾਗ ਨੂੰ ਭਾਰਤ ਵਾਪਸ ਲੈ ਆਈ ਸੀ। ਉਨੀਂ ਦਿਨੀਂ ਗਿੰਦਰ ਵੀ ਦੇਸ ਗਿਆ ਹੋਇਆ ਸੀ। ਸਰਬਜੀਤ ਦੀ ਹੱਡ-ਬੀਤੀ ਸੁਣਕੇ ਉਸਦੇ ਸਰੀਰ ਦੇ ਸਾਰੇ ਲੂੰ ਕੰਡੇ ਖੜੇ ਹੋ ਗਏ ਸਨ ਤੇ ਉਸਦਾ ਚਿਹਰਾ ਲਾਲ ਸੂਹਾ ਹੋਇਆ ਪਿਆ ਸੀ।

ਸਰਬਜੀਤ ਪਾਗਲਾਂ ਦੀ ਤਰ੍ਹਾਂ ਹਾਸਾ ਹੱਸਦੀ ਉੱਚੀ ਉੱਚੀ ਹਰਮੀਤ ਨੂੰ ਗਾਲਾਂ ਕਢੀ ਜਾ ਰਹੀ ਸੀ। ਸਰਬਜੀਤ ਦੇ ਘਰ ਦਾ ਜਲਦਾ ਚਰਾਗ ਵੀ ਰੋਸ਼ਨੀ ਨਹੀਂ ਦੇ ਰਿਹਾ ਸੀ।

ਸੱਚ

ਲੋਕੋ !
ਇਹ ਇਕ ਧਰਤੀ ਦਾ ਟੁਕੜਾ
ਜਿਥੇ ਰਾਤਾਂ ਚਾਨਣੀਆਂ ਮਾਣਦੀਆਂ
ਚੰਦ ਦੀ ਲੋਈ ਵਿਚ
ਪਰ ਜਿੰਦਗੀ ਦੇ ਕੋਠਿਆਂ 'ਤੇ
ਮੁਸ਼ਕਲਾਂ ਦੇ ਬੰਬ ਡਿਗਦੇ
ਝੂਠ ਦੇ ਜੰਗੀ ਜਹਾਜ਼
ਸਿਦਕ ਦੀਆਂ ਗੋਲੀਆਂ ਨਾਲ
ਸੰਗ੍ਰਾਮ ਦੀ ਵਾਦੀ ਵਿਚ
ਸੜਦੇ ਰਹਿੰਦੇ, ਡਿੱਗਦੇ ਰਹਿੰਦੇ !!

ਪਾਰ ਸਮੁੰਦਰੋਂ ਤੱਤੇ ਬੋਲ

ਗੁਰਚਰਨ ਰਾਮਪੁਰੀ

ਈਰਾਨੀ ਕਾਲੀਨਾਂ ਵਾਲੇ ਨਿੱਘੇ ਘਰ ਤੇ ਲੰਮੀਆਂ ਕਾਰਾਂ,
ਸੋਚ ਨਸ਼ੀਲੀ, ਜੇਬ ਸੁਨਹਿਰੀ, ਸਾਥ ਹੁਸਨ ਦਾ,
ਮੱਧਮ ਨੂਰ 'ਚ ਡੁੱਬੀ ਆਥਣ;
ਸੱਤ ਸਮੁੰਦਰਾਂ ਦੀ ਰੱਖਿਆ ਵਿੱਚ
ਬਹਿ ਕੇ ਸਾਡੇ ਸੀਨੇ ਸੱਲੋ,
ਸਾਨੂੰ ਤੱਤੀਆਂ ਗੱਲਾਂ ਘੱਲੋ।

ਆਪ ਭਗੌੜੇ ਆਪਣੇ ਵਤਨੋਂ
ਸਾਨੂੰ ਮੱਤਾਂ ਦੇਵੋ,
ਕਟ ਮਰ ਜਾਵਣ ਦੀ ਸਿਖਿਆ ਦੇ
ਜ਼ਹਿਰੀ ਸੂਏ ਠੋਕ ਰਹੇ ਹੋ,
ਦਿਨੇ ਰਾਤ ਖੁਦ ਸੁੱਚਾ-ਸੋਨਾ ਜੋਖ ਰਹੇ ਹੋ।

ਤੱਤੇ ਬੋਲਾਂ ਵਾਲੇ ਮਿੱਤਰੋ !
"ਮੇਰਾ ਪੁੱਤ ਕੱਲ੍ਹ ਤੁਸੀਂ ਖਾ ਗਏ,
'ਮੇਰੀ ਸਾਥਣ, ਮੇਰੀ ਪੁੱਤਰੀ ਬਾਬਰ ਨੇ ਅੱਜ ਮਾਰੀ।
'ਮੈਂ ਉਜੜੇ ਜੀਵਨ ਵਾਲੇ ਨੇ
'ਤਾਜਾਂ, ਤਖਤਾਂ ਤੋਂ ਕੀ ਲੈਣਾ !
'ਮੈਨੂੰ ਤਾਂ ਅੱਜ ਦੋ ਪਾਸੇ ਦੇ ਕੁਰਸੀ ਬਾਜ਼ਾਂ
'ਰਲ ਕੇ ਬੇਘਰ ਤੇ ਘਸਿਆਰਾ ਕਰ ਦਿਤਾ ਹੈ,
'ਤੱਤੀਆਂ ਗੱਲਾਂ ਹੋਰ ਨਾ ਵੰਡੋ,
'ਮੈਂ ਤਾਂ ਰੋਟੀ ਲੱਭ ਰਿਹਾ ਹਾਂ।"

ਤਿੰਨ ਰੰਗ

ਸੁਰਿੰਦਰ ਧੰਜਲ

ਮੇਰੀ ਵੀਣੀ 'ਚ ਚੜਾਂਦੇ ਵਣਜਾਰਿਆ, ਤਿੰਨ ਰੰਗਾਂ ਦੀਆਂ ਚੂੜੀਆਂ

ਇੱਕ ਰੰਗ ਕਾਲਾ ਜਿਹੜਾ ਹੋਵੇ ਮੇਰੇ ਰੰਗ ਦਾ
ਰਾਤ ਦੀ ਬੁੱਕਲ ਜਿਹੜਾ ਮਾਹੀ ਕੋਲੋਂ ਸੰਗਦਾ
ਤਾਰਿਆਂ ਦੀ ਧੂਮੀ ਜਿਵੇਂ ਰਾਤ ਦਾ ਆਕਾਸ਼ ਸਾਨੂੰ
ਭੇਦ ਸਮਝਾਵੇ ਪਿਆ ਕਾਲਖਾਂ ਦੇ ਡੰਗ ਦਾ
ਏਸ ਰੰਗ ਦੀ ਬੁੱਕਲ ਵਿਚ ਬੈਠਕੇ, ਗੱਲਾਂ ਤੈਨੂੰ ਦੱਸੂੰ ਗੂੜ੍ਹੀਆਂ

ਇਕ ਰੰਗ ਚਿੱਟਾ ਜਿਹੜਾ ਹੋਵੇ ਗੋਰੇ ਦੇਸ ਦਾ
ਭਖਦਾ ਸੁਨੇਹਾ ਦੇਵੇ ਸੂਰਜੀ ਉਦੇਸ ਦਾ
ਰੰਗ ਦੇ ਜੋ ਚਿੱਟੇ ਪਰ ਮਨ ਦੇ ਜੋ ਕਾਲੇ ਨੇ
ਉਹਨਾਂ ਦੇ ਹਨੇਰਿਆਂ ਨੂੰ ਚਾਨਣੀ 'ਚ ਮੇਸਦਾ
ਲੈਕੇ ਚਾਨਣੀ ਮੈਂ ਕਰ ਦੇਵਾਂ ਛਾਨਣੀ, ਝੂਠਾਂ ਦੀਆਂ ਪਾਈਆਂ ਜੂੜੀਆਂ

ਤੀਜਾ ਰੰਗ ਲਾਲ ਜਿਹੜਾ ਹੋਵੇ ਸਾਡੇ ਖੂਨ ਦਾ
ਖੂਨ ਜਿਹੜਾ ਕਰ ਦੇਵੇ ਨਸਲੀ ਜਨੂੰਨ ਦਾ
ਇਕ ਪਾਸੇ ਲੁੱਟੇ ਹੋਏ, ਇਕ ਪਾਸੇ ਲੋਟੂ ਵੇ
ਫੈਸਲਾ ਕਰਨ ਕਾਲੇ ਗੋਰੇ ਖੁਦ ਜੂਨ ਦਾ
ਕਾਲੇ ਗੋਰੇ ਹੋਣ 'ਕੱਠੇ ਰਾਤ-ਚੰਦ ਜਿਉਂ, ਭੁੱਲ ਜਾਣ ਬਾਤਾਂ ਕੂੜੀਆਂ

South Side Drugs
6647 Fraser Street
Vancouver, B.C.
321-4188

Vicon Medic Pharmacy
6407 Main Street
Vancouver, B.C.
324-3177

Guaranteed Low Prescription Prices
Prompt Services
FREE delivery for Prescription in Vancouver,
Richmond & Burnaby

ਅਸੀਂ ਡਾਕਟਰ ਵੱਲੋਂ ਲਿਖੀ ਹੋਈ ਦਵਾਈ ਦੀ ਘੱਟ ਤੋਂ ਘੱਟ ਕੀਮਤ ਚਾਰਜ ਕਰਦੇ ਹਾਂ ਅਤੇ ਅਸੀਂ ਵੈਨਕੂਵਰ, ਬਰਨਬੀ ਤੇ ਰਿਚਮੰਡ ਵਿੱਚ ਫਰੀ ਡਿਲਵਰੀ ਵੀ ਕਰ ਸਕਦੇ ਹਾਂ। ਸਾਡੀਆਂ ਕੀਮਤਾਂ ਇੱਕ ਵਾਰ ਆ ਕੇ ਅਜ਼ਮਾ ਕੇ ਦੇਖੋ।

ਸਾ ਹਿ ਤ ਦ ਰ ਪ ਣ

ਪੁਸਤਕ ਚਰਚਾ:

ਬਲਦੇ ਬੋਲ

ਸੰਪਾਦਕ: ਦਰਸ਼ਨ ਗਿੱਲ
ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸ਼ਨ, ਮਈ 1984

ਬਲਦੇ ਬੋਲ, ਨਸਲ ਵਿਰੋਧੀ ਕਵਿਤਾਵਾਂ ਦਾ ਸੰਗ੍ਰਹਿ ਹੈ। ਇਸ ਗੰਭੀਰ ਵਿਸ਼ੇ ਤੇ ਲਿਖੀਆਂ ਗਈਆਂ ਕਵਿਤਾਵਾਂ ਦਾ ਪੰਜਾਬੀ ਵਿਚ ਇਹ ਪਹਿਲਾ ਸੰਗ੍ਰਹਿ ਹੈ ਤੇ ਦਰਸ਼ਨ ਗਿੱਲ ਇਸ ਹਿੰਮਤ ਲਈ ਵਧਾਈ ਦਾ ਪਾਤਰ ਹੈ। ਪੁਸਤਕ ਵਿਚ ਅੰਗੋਲਾ, ਦੱਖਣੀ ਅਫਰੀਕਾ, ਘਾਨਾ, ਪੰਜਾਬੀ, ਜ਼ਿੰਬਾਬਵੇ, ਇੰਗਲੈਂਡ, ਕੈਨੇਡਾ ਅਤੇ ਭਾਰਤ ਦੇ ਕਵੀਆਂ ਦੀਆਂ ਕਵਿਤਾਵਾਂ ਸ਼ਾਮਲ ਹਨ। ਅਮਰੀਕਾ ਦੇ ਬਲੈਕ ਕਵੀਆਂ ਦੀਆਂ ਰਚਨਾਵਾਂ ਦੀ ਅਣਹੋਂਦ ਚੁਭਦੀ ਹੈ, ਵਿਸ਼ੇਸ਼ ਕਰਕੇ ਇਸ ਲਈ, ਕਿ ਪੁਸਤਕ ਦੀ ਸੰਪਾਦਨਾ ਉਤਰੀ ਅਮਰੀਕਾ ਵਿਚ ਕੀਤੀ ਗਈ ਹੈ। ਉਂਜ ਨਸਲਵਾਦ ਦੀ ਸਮੱਸਿਆ ਇਤਨੀ ਡੂੰਘੀ ਅਤੇ ਵਿਸ਼ਾਲ ਹੈ ਕਿ ਇਸ ਤੇ ਲਿਖੀਆਂ ਗਈਆਂ ਕਵਿਤਾਵਾਂ ਨੂੰ ਇਕ ਸੰਗ੍ਰਹਿ ਵਿਚ ਸ਼ਾਮਲ ਕਰਨਾ ਤਾਂ ਅਸੰਭਵ ਹੀ ਹੈ।

ਨਸਲਵਾਦ ਦੀ ਸਮੱਸਿਆ ਤਕਰੀਬਨ ਹਰ ਸਮਾਜ ਤੇ ਦੇਸ਼ ਵਿਚ ਹੀ ਪੈਦਾ ਹੋਈ ਹੈ। ਜਿਥੇ ਵੀ ਇਕ ਤੋਂ ਵੱਧ ਨਸਲਾਂ ਦੇ ਮਨੁੱਖ ਇਕੱਠੇ ਰਹੇ ਵਿਤਕਰੇ ਨੇ ਜਨਮ ਲਿਆ ਪਰ ਨਸਲਵਾਦ ਦਾ ਅਤਿ ਦਰਜੇ ਤੱਕ ਹੋਣਾਂ ਦਾ ਬਹੁਤ ਘੱਟ ਹੋਣਾ ਅਕਸਰ ਦੇਸ਼ਾਂ ਦੇ ਰਾਜਸੀ ਅਤੇ ਸਮਾਜਕ ਫਲਸਫੇ ਤੇ ਬਹੁਤ ਨਿਰਭਰ ਹੈ, ਅਤੇ ਹੁਣ ਵੀਹਵੇਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਇਸ ਦੀ ਹੋਂਦ ਮਨੁੱਖੀ ਸਮਾਜਾਂ ਤੇ ਲਾਹਨਤ ਹੈ। ਮੋਟੇ ਤੌਰ ਤੇ ਸਭ ਤੋਂ ਗੰਭੀਰ ਅਤੇ ਘਿਨਾਉਣਾ ਨਸਲਵਾਦ ਦੋ ਰੂਪਾਂ ਵਿਚ ਸਾਹਮਣੇ ਆਇਆ ਹੈ:

ਇਕ ਤਾਂ ਗੋਰੀ ਨਸਲ ਵਲੋਂ ਕਾਲੀ ਨਸਲ ਦੇ ਵਿਰੁੱਧ; ਅਤੇ ਦੂਜਾ ਭਾਰਤ ਵਿਚ ਆਰੀਆ ਨਸਲ ਦੀਆਂ 'ਉਚ' ਜਾਤੀਆਂ ਵਲੋਂ ਆਦਿਵਾਸੀ ਨਸਲਾਂ ਦੇ "ਸ਼ੂਦਰਾਂ" ਵਿਰੁੱਧ, ਜੋ ਅਜਕਲ੍ਹ ਜਾਤਪਾਤ ਦੇ ਰੂਪ ਵਿਚ ਪਲਪ ਰਿਹਾ ਹੈ। ਅਮਰੀਕਾ ਦੀ 'ਮਹਾਨ' ਡੈਮੋਕਰੇਸੀ ਅਤੇ ਭਾਰਤ ਦੀ 'ਮਹਾਨ' ਸਭਿਅਤਾ ਦੇ ਮੱਥਿਆਂ ਤੇ ਲੱਗੇ ਕੋਹੜ ਦੇ ਇਹ ਕਲੰਕ ਹਨ ਅਜੇ ਵੀ ਉਸੇ ਤਰ੍ਹਾਂ ਬਰਕਰਾਰ ਹਨ ਅਤੇ ਬਰਕਰਾਰ ਰੱਖੇ ਜਾ ਰਹੇ ਹਨ। ਏਸੇ ਲਈ 'ਬੋਲਦੇ ਬੋਲ' ਵਰਗੇ ਕਵਿਤਾ ਸੰਗ੍ਰਹਿ ਦੀ ਬੜੀ ਮਹੱਤਤਾ ਹੈ।

ਸੰਗ੍ਰਹਿ ਵਿਚ ਅਫਰੀਕਾ ਦੇ ਨੌਂ ਕਵੀਆਂ ਦੀਆਂ ਸਾਰੀਆਂ ਕਵਿਤਾਵਾਂ ਕੁਦਰਤੀ ਤੌਰ ਤੇ ਗੋਰਿਆਂ ਵਲੋਂ ਕਾਲਿਆਂ ਨਾਲ ਕੀਤੇ ਜਾਂਦੇ ਨਸਲੀ ਵਿਤਕਰੇ ਉਤੇ ਹਨ। ਪਹਿਲਾਂ ਰੋਡੇਸ਼ੀਆ ਵਿਚ ਤੇ ਦੱਖਣੀ ਅਫਰੀਕਾ ਵਿਚ ਅਜੇ ਵੀ ਸਰਕਾਰੀ ਪੱਧਰ ਤੇ ਉਤਸ਼ਾਹਤ ਕੀਤਾ ਜਾਂਦਾ ਨਸਲਵਾਦ ਕਿਸ ਨੂੰ ਭੁਲਿਆ ਹੈ। ਦਰਸ਼ਨ ਗਿੱਲ ਵਲੋਂ ਕੀਤਾ ਗਿਆ ਇਹਨਾਂ ਕਵਿਤਾਵਾਂ ਦੀ ਪੰਜਾਬੀ ਅਨੁਵਾਦ, ਅਫਰੀਕਨ ਭਾਸ਼ਾਵਾਂ ਵਿਚੋਂ ਅੰਗ੍ਰੇਜ਼ੀ ਅਤੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਹੋਣ ਕਰਕੇ ਕਵਿਤਾਵਾਂ ਵਿਚਲੇ ਭਾਵਾਂ ਦੀ ਸ਼ਿਦਤ ਸ਼ਾਇਦ ਕੁਝ ਮੱਠੀ ਪੈ ਗਈ ਹੈ — ਫਿਰ ਵੀ ਇਹਨਾਂ ਵਿਚਲੇ ਰੋਹ ਅਤੇ ਉਦਾਸੀ ਦਾ ਪ੍ਰਭਾਵ ਸਹਿਜੇ ਹੀ ਵੇਖਿਆ ਜਾ ਸਕਦਾ ਹੈ।

"ਅਸੀਂ ਜਿਨ੍ਹਾਂ ਨੂੰ ਕਾਫੀ ਦੇ ਬਾਗਾਂ ਵਿਚ
ਕੰਮ ਤੇ ਲਾਇਆ ਜਾਂਦਾ ਹੈ
ਤਾਂ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਜਾਲ ਸਕੀਏ"
ਅਗਸਟੀਨੋ ਨੇਤੋ (ਅੰਗੋਲਾ)

"ਕੇਪਟਾਊਨ ਦੇ ਦਰ ਤੇ ਆਵਾਸੀ
ਜਦ ਆਉਂਦੇ ਹਨ
ਤਾਂ ਕੈਦੇ ਲੱਗਣ ਸਮੇਂ
ਸਵਾਲਾਂ ਦੀ ਇਹ ਬੁਛਾੜ ਹੁੰਦੀ ਹੈ
ਕੀ ਤੁਸੀਂ ਦੁਧ ਚਿੱਟੇ ਹੋ. ਕੇਵਲ ਚਿੱਟੇ
ਜਾਂ ਅਰਧ ਚਿੱਟੇ ?
ਅਸਲੀ ਭੂਰੇ, ਕੇਵਲ ਭੂਰੇ
ਜਾਂ ਖੁਰਦਰੇ ਤੇ ਲਾਲ ਭੂਰੇ ?
ਮੁਕੰਮਲ ਕਾਲੇ, ਨੂਰੇ ਕਾਲੇ
ਜਾਂ ਪੀਲੇ ਤੇ ਚਿੱਟੇ ਕਾਲੇ ?

ਸਕਾਰਲਿਟ ਵਿਟਮਨ (ਦੱਖਣੀ ਅਫਰੀਕਾ)

ਸੰਗ੍ਰਹਿ ਵਿਚਲੇ ਪੰਜਾਬੀ ਕਵੀ ਇੰਗਲੈਂਡ, ਕੈਨੇਡਾ, ਭਾਰਤ ਅਤੇ ਅਫਰੀਕਾ ਵਿਚੋਂ ਲਏ ਗਏ ਹਨ। ਜਿਵੇਂ ਕਿ ਉਪਰ ਲਿਖਿਆ ਗਿਆ ਹੈ ਭਾਰਤ ਵਿਚ ਜਾਤਪਾਤ ਦੇ ਰੂਪ ਵਿਚ ਨਸਲੀ ਨਫਰਤ ਅਜੇ ਵੀ ਬਹੁਤ ਸੰਘਣੀ ਅਤੇ ਪੱਸਰੀ ਹੋਈ ਹੈ — ਪੰਜਾਬੀ ਕਵੀਆਂ ਤੋਂ ਕੁਦਰਤ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਮੁੱਖ ਤੌਰ ਤੇ ਭਾਰਤ ਦੇ ਨਸਲਵਾਦ ਬਾਰੇ ਲਿਖਣਗੇ, ਅਤੇ ਇਸ ਦੇ ਨਾਲ ਨਾਲ ਭਾਰਤ ਤੋਂ ਬਾਹਰ ਰਹਿੰਦੇ ਕਵੀ ਗੋਰੇ - ਕਾਲੇ ਨਸਲਵਾਦ ਵਿਰੁੱਧ ਵੀ ਆਪਣੇ ਅਨੁਭਵ ਪ੍ਰਗਟਾਉਣਗੇ। ਪਰ 'ਬੋਲਦੇ ਬੋਲ' ਵਿਚਲੀਆਂ ਕਵਿਤਾਵਾਂ ਪੜ੍ਹਨ ਪਿਛੋਂ ਏਹੋ ਮਹਿਸੂਸ ਹੁੰਦਾ ਹੈ ਕਿ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਇਸ ਦਾ ਜ਼ਿਕਰ ਜਰੂਰ ਕੀਤਾ ਹੈ। ਇਸ ਦਾ ਮੁਖ ਕਾਰਨ ਇਹ ਹੈ ਕਿ ਇਨ੍ਹਾਂ ਚੋਂ ਬਹੁਤੇ ਕਵੀਆਂ ਨੇ ਇਹ ਅਣਮਨੁੱਖੀ ਵਿਤਕਰਾ ਆਪ ਨਹੀਂ ਭੋਗਿਆ, ਸਗੋਂ ਉਹਨਾਂ ਦੇ ਆਪਣੇ ਬਜ਼ੁਰਗ ਤੇ ਭਾਈ ਭੈਣ (ਤੇ ਕਈ ਆਪ ਵੀ) ਵਿਤਕਰਾ ਕਰਨ ਵਾਲਿਆਂ ਵਿਚੋਂ ਹਨ।

"ਜਿਸ ਤਨ ਲਾਗੈ ਸੋਈ ਜਾਵੈ" ਦੇ ਪੁਰਾਣੇ ਹੋ ਚੁੱਕੇ ਕਥਨ ਵਿਚ ਅਜੇ ਵੀ ਕਿੰਨੀ ਕੌੜੀ ਸਚਾਈ ਹੈ। ਅਸਲ ਵਿਚ ਪੰਜਾਬੀ ਕਵੀਆਂ ਦੇ ਤਨ ਮਨ ਨੂੰ ਜੇ ਕੋਈ ਸੇਕ ਲੱਗਿਆ ਹੈ ਤਾਂ ਉਹ ਗੋਰੇ ਨਸਲੀ ਵਿਤਕਰੇ ਦਾ ਹੀ ਲੱਗਿਆ ਹੈ। ਏਸੇ ਲਈ ਬਹੁਤੇ ਪੰਜਾਬੀ ਕਵੀਆਂ ਨੇ ਏਸੇ ਵਿਤਕਰੇ ਵਿਰੁੱਧ ਹੀ ਕਵਿਤਾਵਾਂ ਲਿਖੀਆਂ ਹਨ। ਮੇਰੇ ਲਿਖਣ ਦਾ ਇਹ ਭਾਵ ਨਹੀਂ ਕਿ ਪੰਜਾਬੀ ਕਵੀਆਂ ਵਲੋਂ ਇਸ ਵਿਸ਼ੇ ਤੇ ਲਿਖਿਆ ਜਾਣਾ ਇਤਰਾਜ਼ ਯੋਗ ਹੈ। ਨਹੀਂ। ਇਹ ਤਾਂ ਸਗੋਂ ਉਨ੍ਹਾਂ ਦੀਆਂ ਕਵਿਤਾਵਾਂ ਵਿਚ ਕੁਦਰਤੀ ਆਉਣਾ ਸੀ। ਪਰ ਜੇ ਉਹ ਭਾਰਤ ਵਿਚ ਹੋ ਰਹੇ ਵਿਤਕਰੇ ਨੂੰ ਅੱਖੋਂ ਪਰੇ ਕਰਦੇ ਹਨ ਤਾ ਉਹ (ਜਿਨ੍ਹਾਂ ਵਿਚ ਮੈਂ ਵੀ ਸ਼ਾਮਲ ਹਾਂ) ਇਸ ਦੋਸ਼ ਵਲੋਂ ਮੁਆਫ ਨਹੀਂ ਕੀਤੇ ਜਾ ਸਕਦੇ।

ਵਿਦੇਸ਼ੀ ਪੰਜਾਬੀ ਕਵੀਆਂ ਦੀਆਂ ਬਹੁਤੀਆਂ ਕਵਿਤਾਵਾਂ ਸਿੱਧੇ ਅਨੁਭਵ ਵਿਚੋਂ ਉਪਜੀਆਂ ਹਨ ਤੇ ਇਨ੍ਹਾਂ ਵਿਚ ਭਾਵਾਂ ਦੀ ਵੰਨ ਸੁਵੰਨਤਾ ਹੈ।

ਸਾਥੀ ਲੁਧਿਆਣਵੀ ਦੀ ਕਵਿਤਾ ਵਿਚ ਆਮ ਲੋਕਾਂ ਦੀ ਬੇਬਸੀ ਅਤੇ ਉਦਾਸੀ ਦੇ ਤਜ਼ਰਬੇ ਦਾ ਜੋਰਦਾਰ ਪ੍ਰਸ਼ਨ ਹੈ:

ਰੰਗ ਓਪਰਾ ਪਹਿਨੀ ਫਿਰੀਏ ਗਲੀ ਗਲੀ
ਓਪਰਿਆਂ ਰੰਗਾਂ ਤੋਂ ਡਰੀਏ ਸ਼ਹਿਰ ਸ਼ਹਿਰ।
ਪਾਕੀ ਨਿੱਗਰੋ ਤੇ ਬੰਗਾਲੀ ਕੁੱਟ ਖਾਵਣ
ਸਿੱਖ ਦੀ ਲਹਿੰਦੀ ਪੱਗ ਵੀ ਜਰੀਏ ਸ਼ਹਿਰ ਸ਼ਹਿਰ।

— ਸਾਥੀ ਲੁਧਿਆਣਵੀ (ਇੰਗਲੈਂਡ)

ਅਵਤਾਰ ਇਸੇ ਮਜਬੂਰੀ ਅਤੇ ਉਦਾਸੀ ਨੂੰ ਸੁਚੇਤ ਅਤੇ ਮਨੋਵਿਗਿਆਨਕ ਪੱਧਰ ਤੇ ਅਤਿ ਖੂਬਸੂਰਤੀ ਨਾਲ ਚਿਤਾਰਦਾ ਹੈ:

ਮੈਂ ਤੇ ਰਾਤ ਬੜੇ ਚੁਪ ਚੁਪ ਹਾਂ ਹਰ ਇਕ ਬਾਤ ਲੁਕਾਉਂਦੇ ਹਾਂ
ਭਰੇ ਬਾਜ਼ਾਰੀਂ ਹੋਏ ਦੁਪਹਿਰੀਂ ਕਤਲਾਂ ਤੋਂ ਸ਼ਰਮਾਉਂਦੇ ਹਾਂ।

— ਅਵਤਾਰ (ਇੰਗਲੈਂਡ)

ਰਵਿੰਦਰ ਰਵੀ ਬੇਬਸੀ ਤੋਂ ਅੱਗੇ ਮਾਨਸਿਕ ਤਣਾਓ ਅਤੇ ਵੱਟੇ ਘੁੱਟੇ ਗੁਸੇ ਦੀ ਸਥਿਤੀ ਨੂੰ ਇਕ ਨਵੇਂ ਅਤੇ ਨਰੋਏ ਬਿੰਬ ਰਾਹੀਂ ਪੇਸ਼ ਕਰਦਾ ਹੈ:

ਕਦੇ ਕਦੇ ਜਦੋਂ ਸਮਾਂ
ਸਾਹਾਂ 'ਚ ਖੜ੍ਹਦਾ ਹੈ
ਤਾਂ ਜੀਅ ਕਰਦਾ ਹੈ ਕਿ ਆਪਣੇ ਅੰਦਰੋਂ
ਘੁੱਟਿਆ ਵੱਟਿਆ ਸਗਲਾ ਸਬੂਤਾ
ਪੌਣਾਂ ਵਿਚ ਮੁੱਠ ਵਾਂਗ ਖੁਲ੍ਹ ਜਾਵਾਂ
ਮੇਰਾ ਆਤਮ ਹੱਤਿਆ ਦਾ ਇਰਾਦਾ ਨਹੀਂ
ਪਰ ਮੈਨੂੰ ਮੇਰੀ ਸ਼ਾਂਤੀ ਦੇਵੋ
— ਰਵਿੰਦਰ ਰਵੀ (ਕੈਨੇਡਾ)

ਸੁਰਜੀਤ ਕਲਸੀ ਇਸ ਗੁੱਸੇ ਨੂੰ "ਸਿਰਫ ਇਕ ਰੰਗ" ਵਿਚ ਬਾਹਰੀ ਰੂਪ ਦਿੰਦੀ ਹੈ। ਨਾਲ ਹੈ ਸੰਕੇਤ ਹੈ ਕਿ ਨਸਲਾਂ, ਰੰਗਾਂ ਕਾਰਨ ਇਕ ਦੂਜੇ ਤੇ ਤਸ਼ੱਦਦ ਸਦੀਵੀ ਹੱਲ ਨਹੀਂ।

ਰੱਤ ਤੱਤੀ ਹੈ ਤਾਂ
ਖੋਲਦਾ ਹੈ ਗੁੱਸਾ ਵੀ ਰੰਗਾਂ ਵਿਚ
ਆਖਰ ਕਦੋਂ ਤੱਕ ਜ਼ਹਿਰ
ਸਬਰ ਦੀ ਪੀਆਂਗੇ
ਹੱਥਾਂ ਵਿਚ ਇਹ ਉਗਰੀਆਂ ਸੋਟੀਆਂ
ਤੇ ਪੱਥਰਾਂ ਨਾਲ ਕਦੋਂ ਤੱਕ
ਇਕ ਦੂਜੇ ਦੇ ਘਰਾਂ ਦੇ ਸ਼ੀਸ਼ੇ ਤੋੜਾਂਗੇ
ਕਦੋਂ ਤੱਕ ਮਨੁਖੀ ਨਸਲ ਨੂੰ ਕੋਂਹਦੇ ਰਹਾਂਗੇ।

— ਸੁਰਜੀਤ ਕਲਸੀ (ਕੈਨੇਡਾ)

ਗੁਰਚਰਨ ਰਾਮਪੁਰੀ ਨੇ ਗੋਰੇ-ਕਾਲੇ ਵਿਸ਼ੇ ਤੋਂ ਇਲਾਵਾ ਕੈਨੇਡਾ ਦੇ ਆਦਿਵਾਸੀ ਇੰਡੀਅਨ ਲੋਕਾਂ ਵਿਰੁੱਧ ਹੋ ਰਹੇ ਨਸਲੀ ਅਨਿਆਂ ਬਾਰੇ ਲਿਖਿਆ ਹੈ:

ਸਦੀਆਂ ਨੇ ਸਾਜਿਸ਼ ਕੀਤੀ ਹੈ
ਜਿਉਂਈਏ ਸਦਾ ਨਿਆਣੇ ਹੋਕੇ
ਜਾਂ ਮਰ ਜਾਈਏ
ਹੀਣ-ਭਾਵ ਦੀ ਜ਼ਹਿਰ ਰਗਾਂ ਵਿਚ ਨੱਸੇ
ਹੈਂਕੜ-ਲੱਦੀ ਮੂਰਖਤਾ ਦੀ
ਨਫਰਤ ਨਿੱਤ ਹੰਡਾਈਏ।

—ਗੁਰਚਰਨ ਰਾਮਪੁਰੀ (ਕੈਨੇਡਾ)

ਅਫਰੀਕਾ ਵਿਚ ਉਸਰ ਰਹੀ ਨਵੀਂ ਕ੍ਰਾਂਤਕਾਰੀ ਚੇਤਨਾ ਬਾਰੇ ਰਾਮਪੁਰੀ ਨੇ ਲਿਖਿਆ ਹੈ।

ਉਹ ਪੁਰਾਣਾ ਅਫਰੀਕਾ ਤਾਂ ਢਹਿ ਰਿਹਾ ਹੈ
ਨਵਾਂ ਅਫਰੀਕਾ ਤਾਂ ਸਿਰ ਚੁੱਕ ਰਿਹਾ ਹੈ
ਸ਼ਾਤੀ ਦੇ ਨਾਲ ਨਹੀਂ ਆਉਂਦੀ ਕ੍ਰਾਂਤੀ
ਅਫਰੀਕਾ ਨੂੰ ਸੂਝ ਆਈ।

— ਸੁਰਜੀਤ ਰਾਮਪੁਰੀ (ਭਾਰਤ)

ਕੁਝ ਕਵਿਤਾਵਾਂ ਵਿਚ ਭਾਰਤ ਵਿਚਲੇ ਨਸਲਵਾਦ ਦੇ ਵਿਰੁੱਧ ਵੀ ਆਵਾਜ਼ ਹੈ, ਅਜਿਹੀਆਂ ਕਵਿਤਾਵਾਂ ਭਾਵੇਂ ਦੋ ਤਿੰਨ ਹੀ ਹਨ।

ਸਾਡੇ ਘਸਮੈਲੇ ਰੰਗ ਨੂੰ
ਗੋਰਾ ਰੰਗ
ਦੁਰਕਾਰਦਾ ਹੈ। ਤਾਂ ਯਾਦ ਆਉਂਦਾ ਹੈ
ਮੇਰਾ ਸਰਪੰਚ ਮਾਮਾ
ਜੋ ਰੱਖੇ ਝਿਊਰ ਨੂੰ ਕੁਜਾਤ ਦੱਸਦਾ ਸੀ
ਤੇ ਮੇਰਾ ਜ਼ੈਲਦਾਰ ਬਾਪੂ
ਜੋ ਕਿਸ਼ਨੇ ਚੌਕੀਦਾਰ ਨੂੰ ਚੜ੍ਹੰਮ ਦਸਦਾ ਸੀ
---------------- ---- ----

ਅਜ ਸਮਝਦਾ ਹਾ
ਕਿ ਲਹੂ ਕਿਉਂ ਬੋਲਦਾ ਹੈ

— ਦਰਸ਼ਨ ਗਿੱਲ (ਕੈਨੇਡਾ)

ਅਛੂਤ ਕਹਿਕੇ ਘਰਦਿਆਂ ਤੇ
ਜ਼ੁਲਮ ਜਦ ਕਰਦੇ ਅਸੀਂ
ਕਿਥੇ ਖੜ੍ਹ ਕੇ ਗੱਲ ਭਲਾ
ਕੋਈ ਕਰ ਸਕਦੇ ਅਸੀਂ
ਕੀ ਇਹ ਨਸਲਵਾਦ ਨਹੀਂ
ਜੋ ਪਲ ਰਿਹੈ ਅਚੇਤ ਹੀ
ਸਾਡੇ ਅੰਦਰ ਆਪਣੇ

— ਗੁਰਨਾਮ ਗਿੱਲ (ਇੰਗਲੈਂਡ)

ਪੁਸ਼ਤਕ ਵਿਚ ਕਾਫੀ ਕਵਿਤਾਵਾਂ ਸੱਤ੍ਹਦੀ ਪੱਧਰ ਦੀਆਂ ਵੀ ਹਨ। ਪੁਸਤਕ ਦੀ ਸੰਪਾਦਨਾਂ ਜਾਣੇ ਅਣਜਾਣੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਕਵੀਆਂ ਤੇ ਹੀ ਕੇਂਦਰਤ ਹੈ; ਦੁਨੀਆਂ ਵਿਚ ਨਸਲ-ਵਿਰੋਧੀ ਕਵਿਤਾਵਾਂ ਦੇ ਵਿਸ਼ਾਲ ਭੰਡਾਰੇ ਤੇ ਨਹੀਂ।

ਉਮੀਦ ਹੈ ਦਰਸ਼ਨ ਗਿੱਲ ਅਜਿਹੇ ਵਿਸ਼ਿਆਂ ਉਤੇ ਕਵਿਤਾਵਾਂ ਦੀ ਸੰਪਾਦਨਾਂ ਦਾ ਕੰਮ ਜਾਰੀ ਰੱਖੇਗਾ, ਅਤੇ ਇਸ ਤੋਂ ਅਗਲੇ ਸੰਗ੍ਰਹਿ ਵਿਚ ਕਵੀਆਂ ਦੀ ਚੋਣ ਵਿਸ਼ਾਲ, ਵਿਸ਼ਿਆਂ ਦੀ ਹੋਰ ਵਿਭਿੰਨਤਾ, ਅਤੇ ਦੇਸੀ ਵਿਦੇਸ਼ੀ ਭਾਰਤੀ ਕਵੀਆਂ ਵਲੋਂ ਭਾਰਤ ਵਿਚਲੇ ਨਸਲਵਾਦ ਉਤੇ ਜ਼ਿਆਦਾ ਗਿਣਤੀ ਵਿਚ ਕਵਿਤਾਵਾਂ ਹੋਣਗੀਆਂ।

ਅਜਮੇਰ ਰੋਡੇ

ਐਡਵਰਟਾਇਜਮਿੰਟ ਲਈ
ਫੋਨ ਕਰੋ -
ਭਵਖੰਡਨ 324-4381

MASON 90 PATERNS
Regular $389
TRADE YOUR OLD MACHINE IN $100
Only $289

Full Auto Zig Zag Sewing Machine Heed
- Dial Type Stretch Stich
- Lever Type Zig Zag Width Regulato
- Dial Type Feed Stitch Regulator
- Reverse Stitch Push Button Type
- Built in Light

PH: 327-3800



ਮੈਸਨ
ਗਰੰਟੀ ਸ਼ੁਦਾ

20 Years Parts 3 Years Labour

$40 down easy terms

6192 Fraser Street, Van.
Vancouver, B.C.

ਧਾਰਮਕ ਦਰਪਣ

ਸਰਬ ਰੋਗ ਕਾ ਅਖੋਧ ਨਾਮ

ਗਿਆਨੀ ਬਚਨ ਸਿੰਘ

ਉਪਰੋਕਤ ਗੁਰਬਾਨੀ ਦੇ ਅਨੁਸਾਰ ਗੁਰੂ ਸਾਹਿਬ ਨੇ ਸਾਫ ਸਮਝਾਇਆ ਹੈ ਕਿ ਦੁਨੀਆਂ ਦੁਖਾਂ ਸੁਖਾਂ ਦੀ ਭਰੀ ਹੋਈ ਹੈ ਅਤੇ ਇਹ ਦੁਖਾਂ, ਦੇ ਰੋਗਾਂ ਦਾ ਅਗਰ ਕੋਈ ਸਹੀ ਦਾਰੂ, ਦਵਾਈ ਹੈ ਤੇ ਉਹ ਕੇਵਿਲ ਨਾਮ ਹੈ। ਸਾਰੀ ਦੁਨੀਆਂ ਵਿਚ ਦੁਖ ਹੀ ਦੁਖ ਹਨ ਮਸੀਬਤਾਂ ਹੀ ਮਸੀਬਤਾ ਹਨ, ਅਸੀਂ ਸਭ ਦੁਨੀਆਂ ਦੇ ਜੀਵ ਏਥੇ ਸੁਖ ਹਾਸਲ ਕਰਨ ਲਈ ਕੋਸ਼ਿਸ ਕਰਦੇ ਹਾਂ , ਕੋਈ ਧੀਆਂ ਪੁਤਰਾਂ ਦੇ ਪਿਆਰ ਵਿਚ ਸੁਖ ਢੂੰਡਦਾ ਹੈ, ਕੋਈ ਕੌਮਾਂ ਮਜ਼ਬਾਂ ਮੁਲਕਾਂ ਦੀ ਮਾਣ ਵਡਿਆਈ ਵਿਚ ਸੁਖ ਲਭਦਾ ਹੈ, ਕੋਈ ਸੁਰਾਬਾਂ ਕਬਾਬਾਂ ਵਿਚ ਸੁਖ ਢੂੰਡਦਾ ਹੈ,ਕੋਈ ਦੁਨੀਆਂ ਦੇ ਧੰਦਿਆਂ ਵਿਚ ਢੂੰਡਦਾ ਹੈ ਪਰ ਅਜ ਤੱਕ ਇਹਨਾਂ ਚੀਜਾਂ ਵਿਚੋਂ ਨਾ ਕਿਸੇ ਨੂੰ ਸੁਖ ਮਿਲਿਆ ਹੈ ਅਤੇ ਨਾ ਮਿਲ ਹੀ ਸਕਦਾ ਹੈ, ਕਿਉਂਕਿ ਇਹ ਸਭ ਚੀਜਾਂ ਟੈਂਪਰੇਰੀ (Temporary) ਜਾਂ ਆਰਜੀ ਹਨ, ਇਸ ਲਈ ਇਹਨਾ ਦਾ ਸੁਖ ਵੀ ਟੈਂਪਰੇਰੀ (temporary) ਹੋ ਸਕਦਾ ਹੈ, ਇਹ ਜੋ ਸੁਖ ਸਾਨੂੰ ਨਜ਼ਰ ਆ ਰਹੇ ਹਨ, ਉਹ ਸਭ ਅਰਸਾ ਪਾਕੇ ਦੁਖਾਂ ਵਿਚ ਬਦਲ ਜਾਂਦੇ ਹਨ, ਇਸ ਵਾਸਤੇ ਗੁਰਬਾਨੀ ਅਨੁਸਾਰ, ਗੁਰੂ ਸਾਹਿਬ ਸਮਝਾਉਂਦੇ ਹਨ:

ਨਾਮ ਮਿਲੇ ਮਨਿ ਤ੍ਰਿਪਤੀਐ ਬਿਨ ਨਾਮੈ ਧ੍ਰਿਗ ਜੀਵਾਸ
ਕੋਈ ਗੁਰਮਖ ਸਕਾਣ ਜੇ ਮਿਲੈ ਮੈ ਦਸੈ ਪ੍ਰਭ ਗੁਣਤਾਸ ॥

(ਸ੍ਰੀ ਰਾਗ ਮਹੱਲਾ ੪੧੧) ਇਸ ਵਾਸਤੇ ਜਿਹੜਾ ਨਾਮ ਸਭ ਰੋਗ ਦੂਰ ਕਰਦਾ ਹੈ , ਉਹ ਅਸਹਿਤ ਭਰਿਆ ਹੋਇਆ ਨਾਮ ਜਦੋਂ ਮਨ ਨੂੰ ਮਿਲ ਜਾਂਦਾ ਹੈ ਸਾਡੇ ਮਨ ਵਿਚ ਤ੍ਰਿਪਤ ਆਂ ਜਾਂਦੀ ਹੈ ਸਾਡੀ ਆਜਾਦੀ ਹੈ, ਗੁਰਬਾਣੀ ਅਨੁਸਾਰ ਇਹ ਵੀ ਦਸਣਾ ਜਰੂਰੀ ਹੈ ਕਿ ਕਿਹੜਾ ਨਾਮ ਰੋਗਾਂ ਦਾ ਦਾਰੂ ਹੈ ? ਨਾਮ ਦੋ ਕਿਸਮ ਦਾ ਹੈ, ਇਕ **ਬਰਨ ਆਤਮਕ ਨਾਮ ਹੈ, ਦੂਸਰਾ ਧੁਨ ਆਤਮਕ ਨਾਮ ਹੈ,** ਬਰਨ ਆਤਮਕ ਉਹ ਨਾਮ ਹੈ, ਜਿਹੜਾ ਲਿਖਣ, ਪੜ੍ਹਨ ਬੋਲਣ ਵਿਚ ਅਤੇ ਜਬਾਨ ਨਾਲ ਬੋਲਿਆ ਜਾਵੇ। ਧੁਨ ਆਤਮਕ ਉਹ ਨਾਮ ਹੈ ਜਿਹੜਾ ਲਿਖਣ, ਪੜ੍ਹਨ, ਬੋਲਣ ਵਿਚ ਨਹੀਂ ਆਉਂਦਾ ਅਤੇ ਨਾਂ ਹੀ ਕਿਸੇ ਇੰਦਰੀ ਨਾਲ ਜਾਣਿਆ ਜਾ ਸਕਦਾ ਹੈ, ਮਹਾਤਮਾਂ, ਲਫਜਾਂ ਨੂੰ **ਵਰਣਆਤਮਕ ਨਾਮ ਸ਼ਬਦ ਜਾਂ ਨਾਮ ਨਹੀਂ ਕਹਿੰਦੇ, ਇਹ ਲਫਜ਼ ਜਾਂ ਨਾਂ ਜੋ ਅਸੀਂ ਆਪੋ ਆਪਣੇ ਪਿਆਰ ਵਿਚ ਆਕੇ ਪ੍ਰਮਾਤਮਾਂ ਦੇ ਰੱਖੇ ਹੋਏ ਹਨ, ਇਹ ਸਭ ਵਰਣਆਤਮਕ ਹਨ।** ਇਹ ਸਾਡੇ ਲਿਖਣ, ਬੋਲਣ, ਵਿਚ ਆ ਜਾਂਦੇ ਹਨ, ਪਹਿਲੇ ਸਾਡੇ ਕਈ ਮੁਲਕ ਹਨ ਹਰ ਮੁਲਕ ਦੀਆਂ ਕਈ ਕਈ ਜ਼ਬਾਨਾਂ ਹਨ, ਅਤੇ ਇਕ ਇਕ ਜ਼ਬਾਨ ਵਿਚ ਕਿਤਨੇ ਕਿਤਨੇ ਲਫਜ਼ ਨਾਲ ਅਸੀਂ ਦਿਨ ਰਾਤ ਪਰਮਾਤਮਾਂ ਨੂੰ ਯਾਦ ਕਰਨ ਲੱਗੇ ਹੋਏ ਹਾਂ। ਕੋਈ ਰੱਬ, ਕੋਈ ਅੱਲਾ, ਕੋਈ ਕਰੀਮ, ਰਹੀਮ, ਕੋਈ ਪਰਮਾਤਮਾਂ ਪਰਮੇਸ਼ਰ, ਕੋਈ ਵਾਹਿਗੁਰੂ ਕਹਿੰਦਾ ਹੈ। ਇਹ ਜਿੰਨ੍ਹੇਂ ਵੀ ਲਫਜ਼ਾਂ ਨਾਲ ਦਿਨ ਰਾਤ ਪਰਮਾਤਮਾਂ ਨੂੰ ਯਾਦ ਕਰਨ ਲੱਗੇ ਹੋਏ ਹਾਂ ਇਹ ਸਭ ਲਿਖਣ, ਪੜ੍ਹਨ, ਬੋਲਣ ਵਿਚ ਆ ਜਾਂਦੇ ਹਨ, ਸਮਝਣ ਵਾਲੀ ਗੱਲ ਹੈ, ਹਜ਼ਾਰਾਂ ਅਨੇਕਾਂ ਮਹਾਤਮਾਂ ਸੰਤ, ਪੀਰ, ਪੈਗੰਬਰ ਦੁਨੀਆਂ ਵਿਚ ਆਏ, ਹਜਾਰਾਂ ਅਨੇਕਾਂ ਲਫਜ਼ਾਂ ਨਾਲ ਇਹਨਾਂ ਆਪਣੀਆਂ ਜ਼ਬਾਨਾਂ ਵਿਚ ਉਸ ਨੂੰ ਯਾਦ ਕੀਤਾ, ਅਨੇਕਾਂ ਮਹਾਤਮਾਂ ਨੇ ਦੁਨੀਆਂ ਵਿਚ ਆਉਣਾ ਹੈ ਅਤੇ ਹਜਾਰਾਂ ਅਨੇਕਾਂ ਲਫਜ਼ਾਂ ਨਾਲ ਪਰਮਾਤਮਾ ਨੂੰ ਯਾਦ ਕਰਨਾ ਹੈ, ਪਿਛਲੇ ਲਫਜ਼ ਨਾਮ ਅਸੀਂ ਭੁਲਦੇ ਜਾ ਰਹੇ ਹਾਂ , ਅੱਗੇ ਲਈ ਪਿਆਰ ਵਿਚ ਆ ਕੇ ਉਸਦੇ ਨਵੇਂ ਨਾਂ ਰਖਣ ਲੱਗੇ ਹੋਏ ਹਾਂ।

ਹਰ ਇਕ ਲਫਜ਼ ਦੀ ਹਿਸਟਰੀ ਟਰੇਸ (History trace) ਕੀਤੀ ਜਾ ਸਕਦੀ ਹੈ। ਲਫਜ਼ ਦੀ ਮਨਿਆਦ ਮਕੱਰਰ ਕੀਤੀ ਜਾ ਸਕਦੀ ਹੈ, ਜਿਵੇਂ ਗੁਰੂਨਾਨਕ ਸਾਹਿਬ ਜੀ ਆਇਆਂ ਨੂੰ ਪੰਜ ਸੌ ਸਾਲ ਹੋਏ, ਇਸ ਤੋਂ ਪਹਿਲਾਂ ਵੀ ਉਸ ਮਾਲਕ ਨੂੰ ਕਿਸੇ ਨਾ ਕਿਸੇ ਨਾਮ ਨਾਲ ਯਾਦ ਕਰਦੇ ਸੀ, ਹਜ਼ਰਤ ਮੁਹੰਮਦ ਸਾਹਿਬ ਨੂੰ ਆਇਆਂ 1400/1000 ਸਾਲ ਹੋਏ , ਸ੍ਰੀ ਰਾਮ ਚੰਦਰ ਜੀ ਆਇਆਂ ਨੂੰ ਕਈ ਸੌ ਸਾਲ ਹੋਏ ਪਰ ਦੁਨੀਆਂ ਨੂੰ ਬਣੇ ਤਾਂ ਕਈ ਜੁਗਾਂ ਬੀਤ ਗਏ ਹਨ, ਉਹ ਪਰਮਾਤਮਾ ਵੀ ਇਥੇ ਹੀ ਸੀ ਅਤੇ ਅਸੀਂ ਦੁਨੀਆਂ ਦੇ ਜੀਵ ਇਥੇ ਹੀ ਸੀ, ਅਤੇ ਅਸੀਂ ਕਿਸੇ ਨਾ ਕਿਸੇ ਲਫਜ਼, ਨਾਮ, ਦੇ ਜ਼ਰੀਏ ਪਰਮਾਤਮਾਂ ਨੂੰ ਯਾਦ ਕਰਦੇ ਸੀ।

ਇਹ ਸਾਰੇ ਲਫਜ਼ ਵਰਣ ਆਤਮਕ ਸ਼ਬਦ ਹਨ, ਪਰ ਗੁਰੂ ਸਾਹਿਬਾਨ, ਸੰਤਾਂ, ਮਹਾਤਮਾਂ, ਸਰੇ ਸ਼ਬਦ ਸੱਚ ਨਾਮ ਦੀ ਮਹਿਮਾਂ ਕਰਦੇ ਹਨ, ਜੋ ਰੋਗਾਂ ਦਾ ਦਾਰੂ ਹੈ, ਜੋ ਕਦੇ ਜਬਾਨ ਨਾਲ ਬੋਲਿਆ ਨਹੀਂ ਜਾ ਸਕਦਾ ਨਾਂ ਕਦੇ ਅਖਾਂ ਨਾਲ ਵੇਖਿਆ ਜਾ ਸਕਦਾ ਹੈ ਨਾ ਕਦੇ ਕੰਨਾਂ ਨਾਲ ਸੁਣਿਆ ਜਾ ਸਕਦਾ ਹੈ ਹਜ਼ਰਤ ਈਸਾ ਸਮਝਾਉਂਦੇ ਹਨ।

ਅੱਖਾਂ ਹੋਣ ਦੇ ਬਾਵਜੂਦ ਤੁਸੀਂ ਦੇਖ ਨਹੀਂ ਸਕਦੇ, ਕੰਨ ਹੋਣ ਤੇ ਬਾਵਜੂਦ ਸੁਣ ਨਹੀਂ ਸਕਦੇ, ਹਜ਼ੂਰ, ਉਨ੍ਹਾਂ ਨੂੰ ਅਨਰਿਟਨ ਲਾ (Unwritten Law), ਅਨਸਪੋਕਨ ਲੈਂਗੁਇਜ਼ (Unspoken Language), ਕਹਿ ਕੇ ਬਿਆਨ ਕਰਿਆ ਕਰਦੇ ਸਨ। ਉਹ ਸਚਾ ਨਾਮ ਜਿਹੜਾ ਸਭ ਰੋਗਾਂ ਦਾ ਦਾਰੂ ਹੈ, ਐਸਾ ਕੁਦਰਤੀ ਕਾਨੂੰਨ ਹੈ ਜੋ ਕਦੇ ਵੀ ਲਿਖਣ, ਪੜ੍ਹਨ, ਬੋਲਣ ਵਿਚ ਨਹੀਂ ਆਉਂਦਾ। ਗੁਰੂ ਸਾਹਿਬ ਸਮਝਾਉਂਦੇ ਹਨ :

"ਅਖੀਂ ਬਾਝੁਹ ਵੇਖਣਾ, ਵਿਣ ਕੰਨਾ ਸੁਨਣਾ
ਪੈਰਾਂ ਬਾਝੁਹ ਚਲਨਾ, ਵਿਣ ਹਥਾਂ ਕਰਣਾ
ਜੀਭੈ ਬਾਝੁਹ ਬੋਲਣਾ ਇਓਂ ਜਾਵਤ ਮਰਣਾ
ਨਾਨਕ ਹੁਕਮ ਪਛਾਨ ਕੇ ਤਉ ਖਸਮੈ ਮਿਲਣਾ"

ਅਸਾਂ ਉਸ ਸ਼ਬਦ ਜਾਂ ਨਾਮ ਨੂੰ ਪਕੜ ਕੇ ਆਪਣੇ ਖਸ਼ਮ ਭਾਵ ਵਾਹਿਗੁਰੂ , ਉਸ ਪਰਮਾਤਮਾਂ ਨੂੰ ਮਿਲਨਾ ਹੈ , ਜਿਸਨੂੰ ਨਾ ਕਿਸੇ ਦੀਆਂ ਅਖਾਂ ਵੇਖਦੀਆਂ ਹਨ ਨਾਂ ਕਿਸੇ ਦੇ ਕੰਨ ਸੁਣਦੇ ਹਨ, ਨਾ ਜਬਾਨ ਬਿਆਨ ਕਰ ਸਕਦੀ ਹੈ , ਜਿੱਥੇ ਨਾਂ ਕਿਸੇ ਦੇ ਪੈਰ ਜਾਂਦੇ ਹਨ, ਜਿਸ ਨੂੰ ਜੀਉਂਦੇ ਜੀ ਮਰਕੇ ਹਾਸਲ ਕਰਨਾ ਹੈ , ਜੀਉਂਦੇ ਜੀਅ ਮਰਨ ਦਾ ਮਤਲਬ ਇਹ ਹੈ ਕਿ ਨੌਂ ਦੁਆਰਿਆਂ ਵਿਚੋਂ ਖਿਆਲ ਕੱਢ ਕੇ ਅਖਾਂ ਪਿਛੇ ਇਕੱਠਾ ਕਰਨਾ ਹੈ, ਇਸ ਨੂੰ ਨਾਮ, ਧੁਨ,ਸਾਰ ਸ਼ਬਦ, ਸਤਿਸ਼ਬਦ, ਅਨਹਦ ਬਾਣੀ, ਗੁਰਬਾਣੀ, ਸਚ, ਅਕੱਥ ਕਥਾ, ਅਜਪਾ ਜਾਪ, ਸ਼ਬਦ, ਇਹ ਸਤਿ ਧੁਨ ਆਤਮਕ ਦੇ ਨਾਮ ਹਨ। ਇਹੀ ਨਾਮ, ਸ਼ਬਦ ਕੁਲ ਮਾਲਕ ਤੇ ਸਰਸ਼ਿਟੀ ਦਾ ਕਰਤਾ ਹੈ, ਅਤੇ ਦੁਨੀਆਂ ਦੇ ਕੁਝ ਕਾਰੋਬਾਰ ਇਸ ਸ਼ਬਦ, ਨਾਮ ਦੇ ਆਸਰੇ ਚਲ ਰਹੇ ਹਨ। ਇਸ ਸ਼ਬਦ, ਨਾਮ ਨਾਲ ਜਾਵ ਦਾ ਅੰਸੀ ਭਾਵ ਹੈ , ਉਹ ਮਹਾਂ ਚੇਤਨ ਸ਼ਬਦ ਨੂੰ ਚੇਤਨ ਸ਼ਰਤ ਹੀ ਅਨੁਭਵ ਕਰ ਸਕਦੀ ਹੈ, ਗੁਰੂ ਸਾਹਿਬ ਫਰਮਾਉਂਦੇ ਹਨ।

ਸ਼ਬਦ ਧਰਤੀ, ਸ਼ਬਦ ਆਕਾਸ਼, ਸ਼ਬਦ ਸ਼ਬਦ ਭਇਆ ਪ੍ਰਗਾਸ਼
ਧਹਾਲੀ ਸ੍ਰਿਸ਼ਟ ਸ਼ਬਦ ਕੇ ਪਾਛੇ, ਨਾਨਕ ਸ਼ਬਦ ਘੱਟ ਘੱਟ ਆਛੇ

ਗੁਰੂ ਨਾਨਕ ਸਾਹਿਬ ਦੇ ਕੱਥਨ ਅਨੁਸਾਰ ਇਸ ਸ਼ਬਦ ਨੇ ਧਰਤੀ ਪੈਦਾ ਕੀਤੀ, ਸੂਰਜ ਚੰਦਰਮਾਂ ਪੈਦਾ ਕੀਤੇ ਹਨ ਅਤੇ ਇਸ ਸ਼ਬਦ ਨੇ ਸਾਰੀ ਦੁਨੀਆਂ ਦੀ ਰਚਨਾ ਪੈਦਾ ਕੀਤੀ ਹੈ, ਉਹ ਸ਼ਬਦ ਨਾਮ ਦਿਨ ਰਾਤ ਹਰਿ ਇਕ ਦੇ ਅੰਦਰ ਧੁਨਕਾਰਾਂ ਦੇ ਰਿਹਾ ਹੈ, ਜਿਤਨਾ ਅਰਸਾ ਅਸੀਂ ਉਸ ਸ਼ਬਦ, ਨਾਮ ਦੇ ਨਾਲ ਖਿਆਲ ਅਹੀਂ ਜੋੜਦੇ ਕੋਣ ਅਰਸਾ ਧਾਤਾਂ ਮਰਨ-ਜੰਮਣ ਦੇ ਦੁਖਾਂ ਤੋਂ ਕੱਦ ਕਿਸੇ ਹਾਲਤ ਵਿਚ ਛੁਟਕਾਰਾਂ ਨਹੀਂ ਪਾ ਸਕਦੇ, ਸਰਬ ਰੋਗਾਂ ਦਾ ਦਾਰੂ ਕੇਵਿਲ ਇਹੀ ਨਾਮ ਸ਼ਬਦ ਹੈ ਇਸਨੂੰ ਰਿਸ਼ੀ, ਮੁਨੀ, ਵੇਦਾਂ , ਸ਼ਾਸਤਰਾਂ ਵਿਚ ਸਮਝਾਉਂਦੇ ਚੱਲੇ ਆ ਰਹੇ ਹਨ ਕਿ ਉਸ ਪਰਮਾਤਮਾ ਨੇ ਆਕਾਸ਼ ਬਾਣੀ ਦੇ ਜ਼ਰੀਏ ਦੁਨੀਆਂ ਬਾਈਬਲ ਵਿਚ ਫਰਮਾਉਂਦੇ ਹਨ ਕਿ ਉਹ ਪਰਮਾਤਮਾ (Word) ਵਰਡ ਦੇ ਜਰੀਏ (World) ਵੱਲਡ ਦੀ ਰਚਨਾ ਕੀਤੀ, ਕਿਸੇ ਨੇ ਵਰਡ ਕਹਿ ਦਿਤਾ, ਕਿਸੇ ਨੇ ਕਲੱਮਾਂ ਕਹਿ ਦਿਤਾ, ਕਿਸੇ ਨੇ ਕੁੰਨ ਕਹਿ ਦਿਤਾ, ਕਿਸੇ ਨੇ ਸ਼ਬਦ, ਨਾਮ ਕਹਿ ਦਿਤਾ, ਕਿਸੇ ਨੇ ਉਸ ਤਾਕਤ ਦਾ ਨਾਮ ਆਕਾਸ਼ਬਾਣੀ ਰਖ ਦਿਤਾ, ਸਾਨੂੰ ਲਫਜ਼ਾਂ ਦੇ ਬਹਿਸ ਮੁਬਾਹਸ ਵਿਚ ਨਹੀਂ ਪੈਣਾ ਚਾਹੀਦਾ, ਉਲਝਣਾ ਚਾਹੀਦਾ, ਅਸਾਂ ਤਾਂ ਉਸ ਚੀਜ਼ ਦੀ ਖੋਜ਼ ਕਰਨੀ ਹੈ ਜਿਸ ਦੇ ਆਧਾਰ ਸਾਂਤ ਖੰਡ ਬ੍ਰਹਮੰਡ ਖੜੇ ਹਨ। ਜਿਸ ਨੂੰ ਪਾਕੇ ਅਸੀਂ ਜੰਮਨ ਮਰਨ ਦੇ ਦੁਖਾਂ ਤੋਂ ਰਹਿਤ ਹੋ ਸਕਦੇ ਹਾਂ। ਉਹ ਚੀਜ ਨਾਮ ਕੇਵਿਲ ਸਾਡੇ ਸਰੀਰ ਅੰਦਰ ਹੈ, ਦੇਹਿ ਅੰਦਰ ਹੈ ਜੋ ਆਦਮੀ ਦੇਹਿ ਅਤੇ ਸਰੀਰ ਤੋਂ ਬਾਹਿਰ ਉਸ ਨਾਮ ਰੂਪੀ ਵਸਤੂ, ਜੋ ਰੋਗਾਂ ਦਾ ਦਾਰੂ ਹੈ ਲਗੇ ਹੋਏ ਹਨ, ਉਹ ਤਾਂ ਵਗਾਰੀਆਂ ਦੀ ਤਰ੍ਹਾਂ ਆਪਣਾ ਕੀਮਤੀ ਵਕਤ ਜਾਇਆ ਕਰਨ ਲੱਗੇ ਹੋਏ ਹਨ। ਵਗਾਰੀ ਕੌਣ ਹੁੰਦਾ ਹੈ ? ਜੋ ਸਾਰਾ ਦਿਨ ਮਿਹਨਤ ਕਰਦਾ ਹੈ , ਟੁਟ ਟੁਟ ਕੇ ਮਰਦਾ ਹੈ, ਖੂਨ ਪਸੀਨਾ ਇਕ ਕਰਦਾ ਹੈ, ਪਰ ਉਸ ਦੇ ਹੱਥ ਪੱਲੇ ਕੁਝ ਵੀ ਨਹੀਂ ਪੈਂਦਾ, ਜੇ ਕੋਈ ਚੀਜ ਸਾਡੇ ਘਰ ਅੰਦਰ ਹੈ ਤੇ ਅਸੀਂ ਉਸਨੂੰ ਘਰ ਦੇ ਅੰਦਰ ਖੋਜਨ, ਲੱਭਨ ਦੀ ਬਜਾਏ, ਬਾਹਰੋਂ ਸੜਕਾਂ, ਬਾਜਾਰਾਂ, ਗਲੀਆਂ ਵਿਚ ਖੋਜ ਕਰਾਂਗੇ ਤਾਂ ਅਸੀਂ ਉਸ ਵਸਤੂ ਨੂੰ ਕਿਸ ਤਰਾਂ ਹਾਸਲ ਕਰ ਸਕਦੇ ਹਨ ਇਸੇ ਲਈ ਗੁਰੂ ਸਾਹਿਬ ਫਰਮਾਉਂਦੇ ਹਨ:

ਸਰਪਰ੍ਹ ਭਾਲਣਿ ਕੌ ਬਾਹਿਰ ਜਾਏ,
ਨਾਮ ਨਾ ਲਹੈ ਬਹੁਤ ਵਗਾਰ ਦੁਖ ਪਾਏ ॥

(ਆਦਿਗਰੰਥ 124) ਪਰ ਕੇਵਿਲ ਗੁਰਮੁਖ ਲੋਕ, ਮਾਲਕ ਦੇ ਭਗਤ ਔਰ ਪਿਆਰ ਹੀ ਹਮੇਸਾਂ ਸਰੀਰ ਔਰ ਦੇਹਿ ਦੇ ਅੰਦਰ ਜਾਕੇ ਉਸ ਪਰਮਾਤਮਾਂ ਦੀ ਖੋਜ ਕਰਦੇ ਹਨ , ਬਾਕੀ ਸਭ ਜੀਵ ਭਰਮਾਂ ਵਿਚ ਫਸ ਕੇ ਇਥੇ ਹੀ ਭੁੱਲੇ ਫਿਰਦੇ ਹਨ।

ਗੁਰਮੁਖ ਹੋਵੈ ਸੈ ਕਾਇਆ ਖੋਜ ਹੋਰ ਸਭ ਭਰਮ ਭੁਲਾਈ
ਉਹ ਨਾਮ ਜੋ ਰੋਗਾਂ ਦਾ ਦਾਰੂ ਹੈ, ਕੇਵਿਲ ਪੂਰੇ ਸਤਿਗੁਰੂ ਤੋਂ ਮਿਲਦਾ ਹੈ

ਨਾਮ ਅਮੋਲਿਕ ਰਤਨ ਹੈ ਪੂਰੇ ਸਤਿਗੁਰ ਪਾਸ
ਸਤਿਗੁਰ ਸੇਵੈ ਲਗਿਆ ਕਢਿ ਰਤਨ ਦੇਵੇ ਪਰਗਾਸ

ਨੋਟ: ਅਗਲੇ ਮਜਮੂਨ ਵਿਚ ਖੋਹਲ ਕੇ ਨਾਮ ਦੇ ਫਲ ਦੀ ਬਾਬਤ ਦਸਿਆ ਕਰਾਂਗੇ।

(ਪੰਜਾਬ ਤੋਂ ਆਏ ਇਕ ਅਭਿਆਸੀ ਦੀ ਕਲਮ ਤੋਂ)

ਗੁਰਵਾਕ ਵਿਚਾਰ

ਉਤੰਗੀ ਪੈਉਹਰੀ ਗਹਿਰੀ ਗੰਭੀਰੀ ॥
ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇਥਣੀ ॥
ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ ॥
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ ॥੨॥

ਸ਼ਲੋਕਵਾਰਾਂ ਤੇ ਵਧੀਕ ॥ ਮਹਲਾ ੧ ॥

ਇਸ ਸ਼ਲੋਕ ਵਿਚ ਗੁਰੂ ਨਾਨਕ ਪਾਤਸ਼ਾਹ ਸੱਸ-ਨੂੰਹ ਦੀ ਇਕ ਨਿੱਕੀ ਵਾਰਤਾ ਲਾਪ ਕਰਵਾ ਕੇ ਹਉਮੈ ਦੇ ਕਾਰਨ ਅੰਤ ਢੇ-ਢੇਰੀ ਹੋਣ ਦੀ ਸਚਾਈ ਸਪਸ਼ਟ ਕਰਦੇ ਹਨ, ਕਿ ਹਉਮੈਂ - ਹੰਕਾਰ ਗੁਰਸਿਖਾਂ ਨੂੰ ਨਹੀਂ ਕਰਨਾ ਚਾਹੀਦਾ। ਸੱਸ ਆਪਣੀ ਮਾਣ ਮੱਤੀ ਨੂੰਹ ਨੂੰ ਕਹਿੰਦੀ ਹੈ, "ਐ ਨੌਜੁਆਨ-ਮੁਟਿਆਰੇ ਗੰਭੀਰਤਾ ਦਾ ਗਰਹਿਣ ਕਰ।" ਨੂੰਹ ਅਗੋਂ ਕਹਿੰਦੀ ਹੈ "ਐ ਮੇਰੀ ਸੱਸ ਮੈਂ ਭਾਰੀਆਂ ਛਾਤੀਆਂ ਕਾਰਨ ਨਿਵ ਨਹੀਂ ਸਕਦੀ ਇਸ ਲਈ ਨਿਵ ਕੇ ਨਮਸਕਾਰ ਨਹੀਂ ਕਰ ਸਕਦੀ।" ਸੱਸ ਫਿਰ ਉਸ ਨੂੰ ਉਤਰ ਦਿੰਦੀ ਹੈ, "ਐ ਪਿਆਰੀਏ ਜਿਹੜੇ ਵੱਡੇ ਵੱਡੇ ਧਉਲਰਾਂ ਹੈ ਚੂੰਨੇ ਗਚੁ ਕਰਕੇ ਉਸਾਰਿਆ ਗਿਆ ਹੈ, ਉਹ ਮੈਂ ਢਹਿੰਦੇ ਦੇਖੇ ਹਨ, ਇਸ ਲਈ ਐ ਸੁੰਦਰੀ, ਆਪਣੀਆਂ ਭਾਰੀਆਂ ਛਾਤੀਆਂ ਦਾ ਅਭਿਮਾਨ ਨਾਂ ਕਰ।"

ਜਿਹੜੇ ਲੋਕ ਤਾਕਤ ਦੇ ਅਭਿਮਾਨ ਵਿਚ, ਹਥਿਆਰਾਂ ਦੇ ਅਭਿਮਾਨ ਵਿਚ, ਮੂਰਖਤਾ ਜਾਂ ਸਿਆਣਪ ਦੇ ਅਭਿਮਾਨ ਵਿਚ ਆਪਣਾ ਸਿਰ ਫੇਰ ਬਹਿੰਦੇ ਹਨ। ਮਨੁਖ ਨੂੰ ਮਨੁਖ ਨਹੀਂ ਸਮਝਦੇ। "ਏਕ ਪਿਤਾ ਏਕਸ ਕੇ ਹਮ ਬਾਲਕ" ਨਹੀਂ ਸਮਝਦੇ, ਉਨ੍ਹਾਂ ਦਾ ਬੇਪਤ ਹੋ ਕੇ ਅੰਤ ਹੋਣਾ ਹੀ ਹੁੰਦਾ ਹੈ। ਜਦੋਂ ਚੂੰਨੇ ਗੱਚੁ ਉਚੇ ਵੱਡੇ ਧੌਲਰ ਡਿਗ ਸਕਦੇ ਹਨ, ਅਭਿਮਾਨੀ ਬੰਦੇ ਕਿਵੇਂ ਸਥਿਰ ਰਹਿ ਸਕਦੇ ਹਨ। ਉਨ੍ਹਾਂ ਦਾ ਮਾਨ ਅਭਿਮਾਨ ਮਿਟੀ ਵਿਚ ਮਿਲਣਾ ਹੀ ਹੋਇਆ।

ਬਾਬਰ ਦੇ ਹਮਲੇ ਵੇਲੇ ਅਭਿਮਾਨੀ ਲੋਧੀ ਸ਼ਹਿਨਸ਼ਾਹ ਦੇ ਅੰਤ ਵੱਲ ਇਵੇਂ ਹੀ ਗੁਰੂ ਨਾਨਕ ਸਾਹਿਬ ਸੰਕੇਤ ਕਰਦੇ ਹੋਏ, ਵੱਡ-ਅਭਿਮਾਨ ਤੋਂ ਰੋਕਦੇ ਹਨ। ਇਸਬਾਰੇ ਅਗਲੇ ਹਫਤੇ ਵਿਚਾਰ ਕਰਾਂਗੇ।

ਗੁਰਸੰਗਤ ਦਾ ਦਾਸ
ਗੁਰਮੁਖ ਸਿੰਘ

ਪਾਪ ਕਰਨਾ ਨਾ ਆਇਆ ਆਦਮ ਨੂੰ,
ਕਿਤੇ ਰਹਿਮਤ ਦਾ ਕਾਲ ਏ ਸਜਣਾ।
ਮੌਤ ਮਰਨਾ ਵੀ ਹੈ, ਹਯਾਤੀ ਵੀ,
ਆਪਣਾ ਆਪਣਾ ਖਿਆਲ ਹੈ ਸਜਣਾ।
ਜ਼ਿੰਦਗੀ ਨੂੰ ਜੋ ਅਮਰ ਕਰ ਦੇਸੀ,
ਮੈਨੂੰ ਇਕ ਸ਼ੈ ਦੀ ਭਾਲ ਏ ਸਜਣਾ।

ਜਗਦੀਸ਼ ਸਿੰਘ
ਨੋਟਰੀ ਪਬਲਿਕ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—


- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

7-4857 Kingsway (Opp. Sears)
Burnaby, B.C. V5H 2C8

ਸਮਾਂ : ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ
(ਦਫਤਰ ਸ਼ਨਿਚਰਵਾਰ ਖੁਲ੍ਹਾ ਰਹਿੰਦਾ ਹੈ)




ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

PHONE-
-Off. 433-8366
Res. 324-4160

LOOKING FOR

CUSTOM DRAPERIES



*BLINDS
*VERTICALS
*DRAPERY HARDWARE
*ALL KINDS OF FABRICS

LARGE SELECTIONS,
FRIENDLY SERVICE,
LOW LOW PRICES
FREE ESTIMATES &
INSTALLATION

VISIT OR CALL:

EXCLUSIVE FABRICS & DRAPERIES [1978] LTD.

Tel: 325-7335

5965 Fraser St., Vancouver

ਸੰਸਾਰ ਦਰਪਣ

ਅਮਰੀਕਾ ਅਤੇ ਰੂਸ ਵਿਚਕਾਰ ਗਲਬਾਤ ਆਰੰਭ ਹੋਣ ਦੀ ਸੰਭਾਵਨਾ

ਨੀਯੂਯਾਰਕ: ਅਮਰੀਕਾ ਦੇ ਬਦੇਸ਼ ਸਕੱਤਰ ਕਾਰਜ ਸ਼ੁਲਟਜ਼ ਅਨੁਸਾਰ ਜੈਨੇਵਾ ਵਿਚ ਹੋਈ ਮੀਟਿੰਗ ਦੌਰਾਨ ਅਮਰੀਕਾ ਤੇ ਰੂਸ ਵਿਚਕਾਰ ਨਿਸ਼ਸਤਰੀਕਰਨ ਦੇ ਸਬੰਧ ਵਿਚ ਗਲਬਾਤ ਸੁਰੂ ਹੋਣ ਦੇ ਚੰਗੇ ਅਸਰ ਹਨ। ਪਿਛਲੇ ਹਫਤੇ ਹੋਈ ਸਾਢੇ ਚੌਦਾਂ ਘੰਟੇ ਦੀ ਗਲਬਾਤ ਸਮੇਂ ਰੂਸ ਦੇ ਬਦੇਸ਼ ਮੰਤਰੀ ਸ੍ਰੀ ਗੋਰਮੀਕੋ ਦੀ ਮੰਗ ਉਤੇ ਅਮਰੀਕਾ ਇਸ ਗੱਲ ਲਈ ਵੀ ਰਾਜ਼ੀ ਹੋ ਗਿਆ ਹੈ ਕਿ ਪੁਲਾੜ ਵਿਚ ਭੇਜੇ ਜਾ ਰਹੇ ਸ਼ਸਤਰਾਂ ਉਤੇ ਵੀ ਪਾਬੰਦੀ ਲਾਗੂ ਹੋਣ ਬਾਰੇ ਗਲਬਾਤ ਹੋਵੇਗੀ! ਮਿ: ਸ਼ੁਲਟਜ਼ ਅਨੁਸਾਰ ਸਮੁੱਚੀ ਗਲਬਾਤ ਵੇਲੇ ਵਾਤਾਵਰਣ ਉਸਾਰੂ ਸੀ।

ਰੂਸ ਦੇ ਅਖਬਾਰ 'ਪ੍ਰਾਵਦਾ' ਅਨੁਸਾਰ 'ਹੁਣ ਗੇਂਦ ਅਮਰੀਕਨਾਂ ਦੇ ਹੱਥ ਹੈ ਕਿ ਉਹ ਕਿਸ ਢੰਗ ਨਾਲ ਖੇਡਦੇ ਹਨ।' ਸਮਝੌਤੇ ਲਈ ਦੋਵਾਂ ਧਿਰਾਂ ਦਾ ਰਜ਼ਾਮੰਦ ਹੋਣਾ ਜ਼ਰੂਰੀ ਹੈ। 'ਸਟਾਰ ਵਰਜ਼' ਨਾਂ ਦੀਆਂ ਮੀਜ਼ਾਇਲਾਂ ਪੁਲਾੜ ਵਿਚ ਛੱਡੇ ਜਾਣ ਉਤੇ ਰੋਕ ਲਾਉਣੀ ਜ਼ਰੂਰੀ ਸਮਝੀ ਜਾ ਰਹੀ ਹੈ।

ਸਮਝਿਆ ਜਾ ਰਿਹਾ ਹੈ ਕਿ ਇਸ ਮਹੀਨੇ ਦੇ ਅੰਤ ਤੱਕ ਗੱਲਬਾਤ ਦਾ ਏਜੰਡਾ ਤਹਿ ਕੇ, ਗਲਬਾਤ ਸ਼ੁਰੂ ਹੋ ਜਾਵੇਗੀ।

ਜਾਰਡਨ ਨੂੰ ਰੂਸ ਤੋਂ 'ਹਵਾਈ ਸੁਰੱਖਿਆ'

ਅਮਾਨ - (ਯੂ. ਐਨ. ਆਈ.) ਜਾਰਡਨ ਦੀ ਖਬਰ ਏਜੰਸੀ ਕਿਊ ਐਨ. ਏ. ਮੁਤਾਬਕ ਸੋਵੀਅਤ ਯੂਨੀਅਨ ਛੇਤੀ ਹੀ ਜਾਰਡਨ ਨੂੰ ਹਵਾਈ ਸੁਰੱਖਿਆ ਸਿਸਟਮ ਸਪਲਾਈ ਕਰੇਗਾ। ਕਮਾਂਡਰ ਇਨ ਚੀਫ ਮਾਰਸ਼ਲ ਜ਼ੈਦਬਿਨ ਸ਼ਾਕਰ ਨੇ ਬੀਤੀ ਰਾਤ ਸਟਾਫ ਕੋਰਸ ਸ਼ੁਰੂ ਕਰਨ ਵੇਲੇ ਸੰਬੋਧਨ ਕਰਦੇ ਹੋਏ ਇਸ ਬਾਰੇ ਵੇਰਵੇ ਨਾਲ ਕੁੱਝ ਕਹਿਣ ਤੇ ਇਨਕਾਰ ਕਰ ਦਿੱਤਾ।

ਡਾ: ਮਨਮੋਹਨ ਸਿੰਘ ਕਮਿਸ਼ਨ ਦੇ ਡਿਪਟੀ ਚੇਅਰਮੈਨ ਬਣੇ

ਨਵੀਂ ਦਿੱਲੀ: ਯੋਜਨਾ ਕਮਿਸ਼ਨਰ ਵਿਚ ਵੀ ਲੱਡੀ ਪੱਧਰ ਉਤੇ ਰੱਦੋ ਬਦਲ ਹੋਈ ਹੈ ਜਿਸ ਅਧੀਨ ਰਿਜ਼ਰਵ ਬੈਂਕ ਆਫ ਇੰਡੀਆ ਦੇ ਕਵਰਨਰ ਡਾ: ਮਨਮੋਹਨ ਸਿੰਘ ਨੂੰ ਇਸ ਦਾ ਡਿਪਟੀ ਚੇਅਰਮੈਨ ਥਾਪਿਆ ਗਿਆ ਹੈ। ਇਸ ਤੋਂ ਇਲਾਵਾ ਇਸ ਖੇਤਰ ਦੇ ਮਾਹਰ ਅਤੇ ਤਕਨੀਕੀ ਅਧਿਕਾਰੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਜਾਣਕਾਰੀ ਆਜ ਭਰੋਸੇਯੋਗ ਸੂਤਰਾਂ ਤੋਂ ਮਿਲੀ ਹੈ।

ਕਮਿਸ਼ਨ ਦੇ ਅੱਠ ਮੈਂਬਰ ਹੋਣਗੇ ਜਿਨ੍ਹਾਂ ਵਿਚ ਡਿਪਟੀ ਚੇਅਰਮੈਨ ਵੀ ਸ਼ਾਮਲ ਹੈ। ਪਹਿਲਾਂ ਇਸ ਦੇ ਮੁਕਾਬਲੇ ਪੰਜ ਮੈਂਬਰ ਹਨ।

ਕੌਮਾਂਤਰੀ ਮਾਲੀ ਫੰਡ ਦੇ ਕਾਰਜਕਾਰੀ ਡਾਇਰੈਕਟਰ ਸ੍ਰੀ ਆਰ. ਐਨ. ਮਲਹੋਤਰਾ ਰਿਜ਼ਰਵ ਬੈਂਕ ਆਫ ਇੰਡੀਆ ਦੇ ਨਵੇਂ ਗਵਰਨਰ ਹੋਣਗੇ।

ਸ੍ਰੀ ਮਲਹੋਤਰਾ ਡਾ. ਮਨਮੋਹਨ ਸਿੰਘ ਦੀ ਥਾਂ ਲੈਣਗੇ। ਡਾ. ਅਰਜਨ ਸੇਨ ਗੁਪਤਾ ਵਾਸ਼ਿੰਗਟਨ ਵਿਚ ਸ੍ਰੀ ਮਲਹੋਤਰਪ ਦੀ ਥਾਂ ਲੈਣਗੇ। ਸ੍ਰੀ ਗੁਪਤਾ ਇਸ ਵੇਲੇ ਵ੍ਰਧਾਨ ਮੰਤਰੀ ਦੇ ਸਕੱਤਰੇਤ ਵਿਚ ਵਿਸ਼ੇਸ਼ ਸਕੱਤਰ ਹਨ। ਵਿੱਤ ਮੰਤਰਾਲੇ ਵਿਚ ਆਰਥਿਕ ਸਲਾਹਕਾਰ ਸ੍ਰੀ ਐਮ. ਐਸ. ਆਹਲੂਵਾਲੀਆ ਡਾ. ਸੇਨ ਗੁਪਤਾ ਦੀ ਥਾਂ ਲੈਣਗੇ। ਇਸ ਤਰ੍ਹਾਂ ਪੁਨਰਗਠਤ ਯੋਜਨਾ ਕਮਿਸ਼ਨ ਵਿਚ ਤਕਨੀਕੀ ਆਰਥਿਕ ਅਤੇ ਪ੍ਰਬੰਧਕੀ ਮਾਹਿਰ ਸ਼ਾਮਲ ਹਲ।

ਇਸ ਵੇਲੇ ਕਮਿਸ਼ਲ ਦੇ ਮੈਂਬਰਾਂ ਵਿੱਚੋਂ ਪ੍ਰੋਫੈਸਰ ਏ. ਐਮ. ਖੁਸਰੋ ਅਤੇ ਸ੍ਰੀ ਮੁਹੰਮਦ ਫਜ਼ਲ ਨੂੰ ਸ਼ਾਮਲ ਨਹੀਂ ਕੀਤਾ ਗਿਆ।

ਪਾਕਿਸਤਾਨ 'ਚ ਚੋਣਾਂ ਮਾਰਚ ਵਿੱਚ

ਵਿਰੋਧੀ ਨੇਤਾ ਗ੍ਰਿਫਤਾਰ

ਇਸਲਾਮਾਬਾਦ: ਪਾਕਿਸਤਾਨੀ ਡਿਕਟੇਟਰ ਮੁਹੰਮਦ - ਜ਼ਿਆ-ਉਨ ਹੱਕ ਦੀ ਫੌਜੀ ਹਕੂਮਤ ਨੇ 11 ਪਾਰਟੀ ਵਿਰੋਧੀ ਫਰੰਟ ਦੇ ਲਗਪਗ ਸਾਰੇ ਲੀਡਰ ਗ੍ਰਿਫਤਾਰ ਕਰ ਲਏ ਹਨ। ਸ਼ਨਿਚਰਵਾਰ ਸਵੇਰੇ ਹੀ ਲੀਡਰਾਂ ਦੇ ਘਰਾਂ ਤੇ ਛਾਪੇ ਮਾਰੇ ਗਏ। ਇਹ ਗ੍ਰਿਫਦਾਰੀਆਂ ਪਾਕਿਸਤਾਨੀ ਪੰਜਾਬ ਵਿਚ ਮੁੱਖ ਤੌਰ ਤੇ ਕੀਤੀਆਂ ਗਈਆਂ ਜਿੱਥੇ ਜ਼ਿਆ ਵਿਰੁੱਧ ਮੁਹਿਮ ਜ਼ੋਰ ਫੜ ਗਈ ਹੈ ਅਤੇ ਜਮਹੂਰੀਅਤ ਦੀ ਬਹਾਲੀ ਲਈ ਲਗਾਤਾਰ ਮੁਜ਼ਾਹਰੇ ਹੋ ਰਹੇ ਹਨ।

ਜਮਹੂਰੀਅਤ ਬਹਾਲੀ ਲਹਿਰ

ਦਸੰਬਰ ਵਿਚ ਫੌਜੀ ਡਿਕਟੇਟਰ ਨੇ ਰੈਂਫਰੈਂਡਮ ਕਰਵਾਇਆ ਸੀ ਤੇ ਆਪਣੇ ਆਪ ਨੂੰ ਪੰਜ ਸਾਲ ਲਈ ਹੋਰ ਪ੍ਰਧਾਨ ਐਲਾਨ ਦਿਤਾ ਸੀ। ਇਸ ਵਿਰੁਧ 11 ਪਾਰਟੀਆਂ ਦੇ ਫਰੰਟ ਨੇ ਮੁਹਿਮ ਸ਼ੁਰੂ ਕੀਤੀ ਹੋਈ ਹੈ। ਹਰ ਹਫਤੇ ਕਰਾਚੀ, ਲਾਹੌਰ ਅਤੇ ਦੂਸਰੇ ਸ਼ਹਿਰਾਂ ਵਿਚ ਮੁਜ਼ਾਹਰੇ ਹੋ ਰਹੇ ਹਨ। ਇਹ ਗ੍ਰਿਫਤਾਰੀਆਂ ਮੁਜ਼ਾਹਰਿਆਂ ਦੀ ਰੋਕ ਲਈ ਕੀਤੀਆਂ ਗਈਆਂ ਹਨ।

ਇਕ ਵਿਰੋਧੀ ਨੇਤਾ ਨੇ ਵੀਰਵਾਰ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਕਿਹਾ ਕਿ 'ਸਾਡੀ ਮੰਗ ਹੈ ਕਿ ਮਾਰਸ਼ਲ ਲਾਅ ਖਤਮ ਕੀਤਾ ਜਾਵੇ। 1973 ਦੇ ਵਿਧਾਨ ਅਨੁਸਾਰ ਆਮ ਚੋਣਾਂ ਕਰਵਾਈਆਂ ਜਾਣ।'

ਜਮਹੂਰੀ ਲਹਿਰ ਦੀ ਬਹਾਲੀ ਲਈ ਲੜ ਰਹੇ ਨੇਤਾ ਨਵਾਬਜ਼ਾਦਾ ਨਸਰੁੱਲਾ ਨੂੰ ਪਿਛੇ ਜਿਹੇ ਸੱਤ ਸਾਲ ਜੇਲ੍ਹ ਵਿਚ ਰੱਖਣ ਪਿਛੋਂ ਛੱਡਿਆ ਗਿਆ ਸੀ ਵਰ ਉਸਨੂੰ ਇਸ ਹਫਤੇ ਫਿਰ ਗ੍ਰਿਫਤਾਰ ਕਰ ਲਿਆ ਗਿਆ।

ਪਾਕਿਸਤਾਨ ਪੀਪਲਜ਼ ਪਾਰਟੀ ਲੀਡਰ ਰਾਓ ਰਸ਼ੀਦ ਅਤੇ ਸਲਮਾਂ ਤਾਸੀਰ ਵੀ ਗ੍ਰਿਫਤਾਰ ਕਰ ਲਏ ਗਏ। ਇਹ ਗ੍ਰਿਫਤਾਰੀਆਂ ਲਾਹੌਰ ਵਿਚ ਹੋਈਆਂ।

ਸਿੰਧ ਵਿਚ ਰਾਜਸੀ ਤਸ਼ੱਦਦ

ਇਕ ਖਬਰ ਅਨੁਸਾਰ ਚਾਰ ਰਾਜਸੀ ਕੈਦੀ ਜੇਲ੍ਹ ਵਿਚ ਦਮ ਤੋੜ ਗਏ ਹਨ ਜਿਨ੍ਹਾਂ ਨੂੰ ਡਾਕਟਰੀ ਸਾਹਇਤਾ ਦੇਣ ਤੋਂ ਇਨਕਾਰ ਕਰ ਦਿਤਾ ਗਿਆ। 300 ਅਜਿਹੇ ਰਾਜਨੀਤਕ ਵਿਅਕਤੀ ਕੈਦ ਵਿਚ ਹਨ ਜਿਨ੍ਹਾਂ ਨੂੰ 1981 ਤੋਂ ਜੇਲ੍ਹ ਵਿਚ ਰੱਖਿਆ ਗਿਆ ਹੈ ਪਰ ਉਨ੍ਹਾਂ ਉਤੇ ਕੋਈ ਦੋਸ਼ ਨਹੀ ਲਾਏ ਗਏ।

ਪ੍ਰੈਸ ਤੇ ਸੈਂਸਰ

ਪਿਛਲੇ ਹਫਤੇ ਅਖਬਾਰਾਂ ਉਤੇ ਸੈਂਸਰ ਹੋਣ ਦੇ ਬਾਵਜੂਦ ਇਹ ਖਬਰਾਂ ਦਾ ਪਤਾ ਲੱਗਿਆ ਕਿ ਫੌਜੀ ਹੁਕਮਰਾਨ ਮਾਰਚ ਵਿਚ ਹੋਣ ਵਾਲੀਆਂ ਚੋਣਾਂ ਲਈ ਵਿਰੋਧੀ ਪਾਰਟੀਆਂ ਨਾਲ ਸਲਾਹ ਮਸ਼ਵਰਾ ਕਰ ਰਹੇ ਹਨ ਕਿ ਕੋਈ ਸਮਝੌਤਾ ਹੋ ਜਾਏ ਜਿਸ ਅਨੁਸਾਰ ਪਾਰਟੀਆਂ ਦੇ ਉਮੀਦਵਾਰਾਂ ਦੀ ਥਾਂ ਸਾਂਝੇ ਵਿਅਕਤੀ ਚੁਣ ਲਏ ਜਾਣ। ਪਰ ਵਿਰੋਧੀ ਪਾਰਟੀਆਂ ਇਸ ਸਟੈਂਡ ਤੇ ਅੜੀਆਂ ਹਨ ਕਿ ਚੁਣਾਓ ਆਮ ਲੋਕਾਂ ਲਈ ਖੁਲ੍ਹੇ ਹੋਣ।

ਪੰਜਾਬ ਅਤੇ ਸਿੰਧ ਦੀਆਂ ਗ੍ਰਿਫਤਾਰੀਆਂ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਵਿਰੋਧੀ ਪਾਰਟੀਆਂ ਫੌਜੀ ਹਕੂਮਤ ਨਾਲ ਸੌਦਾ ਕਰਨ ਲਈ ਤਿਆਰ ਨਹੀਂ।

'ਅਟਕ ਸਾਜ਼ਿਸ਼' ਕੇਸ

17 ਫੌਜੀ ਅਫਸਰਾਂ ਅਤੇ ਇਕ ਵਕੀਲ ਰਜ਼ਾ ਕਾਸਿਮ ਉਪਰ ਅਖੌਤੀ 'ਅਟਕ ਸਾਜ਼ਿਸ਼' ਕੇਸ ਫੌਜੀ ਹਕੂਮਤ ਨੇ ਇਕ ਸਾਲ ਤੋਂ ਸ਼ੁਰੂ ਕਰ ਰੱਖਿਆ ਹੈ। ਇਹ ਫੌਜੀ ਅਫਸਰ ਅਤੇ ਵਕੀਲ ਅਟਕ ਦੇ ਕਿਲੇ ਵਿਚ ਬੰਦ ਰੱਖੇ ਹੋਏ ਹਨ ਜਿਨ੍ਹਾਂ ਦਾ ਕੇਸ 'ਬੰਦ ਕਮਰੇ' ਵਿਚ 20 ਜਨਵਰੀ ਨੂੰ ਸ਼ੁਰੂ ਹੋ ਰਿਹਾ ਹੈ। ਉਨ੍ਹਾਂ ਉਪਰ ਜਮਹੂਰੀਅਤ ਬਹਾਲੀ ਲਈ ਲਹਿਰ ਵਿਚ ਹਿਸਾ ਲੈਣ ਦਾ ਦੋਸ਼ ਅਤੇ ਫੌਜੀ ਰਾਜ ਦਾ ਤਖਤਾ ਉਲਟਾਉਣ ਲਈ 'ਸਾਜ਼ਿਸ਼' ਕਰਨ ਦਾ ਵੀ ਇਲਜ਼ਾਮ ਹੈ।

ਇਨ੍ਹਾਂ ਨਾਲ ਕੀਤੇ ਜਾ ਰਹੇ ਬੁਰੇ ਸਲੂਕ ਬਾਰੇ ਐਮਨੈਸਟੀ ਇੰਟਰਨੈਸ਼ਨਲ, ਅਮਰੀਕੀ ਅਤੇ ਬਰਤਾਨਵੀ ਸਿਆਸਤਦਾਨਾਂ ਨੇ ਵੀ ਪਾਕਿਸਤਾਨੀ ਫੌਜੀ ਜੁੰਡਲੀ ਦੀ ਨਿੰਦਾ ਕੀਤੀ ਹੈ। ਕਿਹਾ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਭੁੱਟੋ ਵਾਂਗ ਇਨ੍ਹਾਂ ਵਿਅਕਤੀਆਂ ਨੂੰ ਵੀ ਫਾਂਸੀ ਚਾੜ੍ਹ ਦਿਤਾ ਜਾਵੇਗਾ।




ਸਮੁੱਚਾ ਉਤਰੀ ਭਾਰਤ ਇਸ ਸਮੇ ਅੱਤਾਂ ਦੀ ਸਰਦੀ ਵਿਚ ਘਿਰਿਆ ਹੋਇਆ ਹੈ। ਜਿਨ੍ਹਾਂ ਵਿਚਾਰਿਆਂ ਦਾ ਕੰਮ ਬਿਨਾਂ ਪੇਟ ਭਰਨਾ ਅਸੰਭਵ ਹੈ, ਉਨ੍ਹਾਂ ਨੂੰ ਠੁਰਠੁਰ ਕਰਦਿਆਂ ਕੰਮ 'ਤੇ ਜਾਣਾ ਹੀ ਪੈਂਦਾ ਹੈ। ਚੰਡੀਗੜ੍ਹ ਦੀ ਸੜਕ 'ਤੇ ਸਨਿਚਰਵਾਰ ਨੂੰ ਰੋਜ਼ੀ ਕਮਾਉਣ ਜਾ ਰਹੇ ਮਜ਼ਦੂਰ ਪਰਿਵਾਰ

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S



PLUMBING & ELECTRICAL SUPPLY

4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS

ਕਰਤਾਰ ਫੋਟੋ ਸਟੂਡੀਓ

1 HOUR PHOTO SERVICE
KARTAR PHOTO STUDIO
6660 MAIN STREET, (at 51st Ave.)
VANCOUVER, B.C.

We Do Passport, 5 Mins. Service, Portrait Photos & Weddings



Ph. 321-7020

ਤ੍ਰਿਆਂਗ

ਪਤੀ ਨੂੰ ਪ੍ਰੇਸ਼ਾਨ ਕਿਵੇਂ ਕਰੀਏ ?

*ਊਪਕਾਰ ਕੌਰ

●ਔਰਤਾਂ ਦੀ ਮੁਕਤੀ ਦੇ ਇਸ ਯੁੱਗ ਵਿਚ, ਜਦੋਂ ਔਰਤਾਂ ਹਿਮਾਚਲ ਦੀ ਸਿਖਰ ਚੋਟੀ 'ਤੇ ਆਪਣੇ ਝੰਡਾ ਗੱਡ ਰਹੀਆਂ ਹਨ, ਪਤਨੀਆਂ ਨੂੰ ਛੇਤੀ ਹੀ ਕੁਝ ਅਜਿਹੇ ਕਦਮ ਚੁੱਕਣੇ ਚਾਹੀਦੇ ਹਨ ਕਿ ਪਤਨੀ ਦਾ ਪਤੀ ਉਸ ਦੇ ਸਿਰ 'ਤੇ ਸਵਾਰ ਨਾ ਹੋ ਸਕੇ। ਇਕ ਸਰਵੇਖਣ ਅਨੁਸਾਰ ਸੰਸਾਰ ਭਰ ਦੀਆਂ ਸਾਰੀਆਂ ਪਤਨੀਆਂ ਅਤੇ ਭਾਰਤ ਦੀਆਂ ਪਤਨੀਆਂ ਨੇ ਵਿਸ਼ੇਸ਼ ਕਰਕੇ ਆਪਣੇ ਪਤੀਆਂ ਨੂੰ ਬਿਨਾਂ ਕਿਸੇ ਕਾਰਨ ਸਿਰੇ ਚੜ੍ਹਾ ਰਖਿਆ ਏ। ਪਰ ਹੁਣ ਸਮਾਂ ਆ ਗਿਆ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਅਸਲੀ ਹੈਸੀਅਤ ਦੱਸ ਦਿਤੀ ਜਾਵੇ।

ਦੇਸ਼ ਦੀਆਂ ਮੰਨੀਆਂ-ਪ੍ਰਮੰਨੀਆਂ ਮਹਿਲਾ ਵਿਗਿਆਨੀਆਂ ਨੇ ਇਸ ਮੁਖ ਸੱਮਸਿਆ ਵਲ ਧਿਆਨ ਦੇਣਾ ਸ਼ੁਰੂ ਕਰ ਦਿਤਾ ਹੈ ਅਤੇ ਉਨ੍ਹਾਂ ਨੇ ਕੁਝ ਅਜਿਹੇ ਨੁਕਤੇ ਦੱਸੇ ਹਨ, ਜਿੰਨਾਂ ਨਾਲ ਪਤੀ ਆਪਣੇ ਘਰ ਆਪਣੀ ਹੈਸੀਅਤ ਸਮਝ ਸਕੇ ਅਤੇ ਆਪਣੀ ਪਤਨੀ 'ਤੇ ਹਾਵੀ ਨਾ ਹੋ ਸਕੇ। ਆਸ ਹੈ ਇਸ ਨਾਲ ਪਤਨੀਆ ਉਚਿੱਤ ਲਾਭ ਉਠਾਉਣਗੀਆਂ।

ਪਹਿਲਾ ਨੁਕਤਾ :

ਥੋੜ੍ਹੀ ਦੇਰ ਲਈ ਮੰਨ ਲਵੋ ਕਿ ਤੁਹਾਡੇ ਪਤੀ ਦਾ ਸ਼ੌਕ ਚਿੱਤਰਕਾਰੀ ਹੈ ਅਤੇ ਉਨ੍ਹਾਂ ਨੇ ਇਕ ਤਾਜ਼ਾ ਚਿੱਤਰ ਬਣਾਇਆ ਹੈ ਜਿਹੜਾ ਉਹ ਤੁਹਾਨੂੰ ਵਿਖਾਉਣਾ ਚਾਹੁੰਦੇ ਹਨ। ਅਜਿਹਾ ਨਹੀਂ ਹੋ ਸਕਦਾ ਕਿ ਉਹ ਆਪਣਾ ਚਿੱਤਰ ਤੁਹਾਨੂੰ ਵਿਖਾਉਣਾ ਹੀ ਨਾ ਚਾਹੁੰਣ, ਕਿਉਂਕਿ ਹਰੇਕ ਪਤੀ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਸਭ ਤੋਂ ਪਹਿਲਾਂ ਆਪਣੀ ਪਤਨੀ ਦੀ ਪ੍ਰਸ਼ੰਸਾ ਪ੍ਰਾਪਤ ਕਰਨ ਲਈ ਤੁਹਾਡੇ ਪਤੀ ਉਤਾਵਲੇ ਹਨ ਅਤੇ ਚਿੱਤਰ ਲੈ ਕੇ ਰਸੋਈ ਘਰ ਵਿਚ ਆ ਜਾਂਦੇ ਹਨ। ਅਜਿਹੇ ਸਮੇਂ ਤੁਹਾਡੇ ਲਈ ਚੰਗਾ ਮੌਕਾ ਹੈ ਕਿ ਤੁਸੀਂ ਆਪਣੇ ਪਤੀ ਨੂੰ ਤੁਰੰਤ ਝਿੜਕ ਦਿਉ, "ਕਿੰਨਾ ਬਚਪਨਾ ਏ ? ਮੇਰੀ ਰੋਟੀ ਸੜੀ ਜਾ ਰਹੀ ਹੈ ਅਤੇ ਤੁਹਾਨੂੰ ਆਪਣੇ ਚਿੱਤਰ ਦੀ ਪਈ ਹੈ।" ਇਸ ਤਰ੍ਹਾਂ ਝਿੜਕਨ ਨਾਲ ਤੁਹਾਨੂੰ ਦੋਹਰਾ ਲਾਭ ਹੋਵੇਗਾ। ਇਕ ਤਾਂ ਇਹ ਕਿ ਉਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਰੋਟੀ ਪਕਾਉਣਾ ਕੋਈ ਅਸਾਨ ਕੰਮ ਨਹੀਂ ਅਤੇ ਦੂਸਰਾ ਤੁਸੀਂ ਉਨ੍ਹਾਂ ਨੂੰ ਇਹ ਵੀ ਜਤਾ ਦਿਓਗੇ ਕਿ ਉਨ੍ਹਾਂ ਦੀ ਚਿੱਤਰਕਾਰੀ ਤੁਹਾਡੇ ਲਈ ਕੋਈ ਮਹੱਤਵ ਨਹੀਂ ਰੱਖਦੀ। ਫਿਰ ਇਕ ਨਜ਼ਰ ਨਾਲ ਚਿੱਤਰ ਜ਼ਰੂਰ ਵੇਖ ਲਵੋ ਅਤੇ ਉਸ ਦੀ ਕਿਸੇ ਕਮੀ ਨੂੰ ਦੱਸਣਾ ਨਾ ਭੁੱਲੋ, ਭਾਵੇਂ ਉਸ ਵਿਚ ਕੋਈ ਕਮੀ ਵੀ ਨਾ ਹੋਵੇ। ਚਿੱਤਰ ਜੇ ਤੁਹਾਨੂੰ ਸਚਮੁਚ ਚੰਗਾ ਲੱਗਾ ਹੈ ਫਿਰ ਵੀ ਆਪਣੀ ਸਦਭਾਵਨਾ ਜ਼ਾਹਿਰ ਨਾ ਕਰੋ।

ਦੂਸਰਾ ਨੁਕਤਾ :

ਪਤੀ ਆਪਣਾ ਜਾਂ ਘਰ ਦਾ ਕੋਈ ਕੰਮ ਕਰ ਰਿਹਾ ਹੋਵੇ ਤਾਂ ਉਸ ਨੂੰ ਬਰਾਬਰ ਟੋਕਦੇ ਰਹੋ ਅਤੇ ਨੁਕਸ ਕੱਢਦੇ ਰਹੋ।

ਇਸ ਨੁਕਤੇ ਨੂੰ ਸਮਝਣ ਲਈ ਅਨੇਕਾਂ ਉਦਾਹਰਣ ਦਿਤੇ ਜਾ ਸਕਦੇ ਹਨ। ਪਤੀ ਅਕਸਰ ਘਰ ਵਿਚ ਵਿਹਲਾ ਨਹੀਂ ਬੈਠਦਾ। ਕੁਝ ਨਾ ਕੁਝ ਕਰਦਾ ਹੀ ਰਹਿੰਦਾ ਹੈ। ਮਨ ਲਵੋ ਉਹ ਹੱਥ ਧੋ ਕੇ ਕਿੱਲੀ 'ਤੇ ਟੰਗੇ ਹੋਏ ਤੌਲੀਏ ਨਾਲ ਹੱਥ ਪੂੰਝਣ ਲਗਦਾ ਹੈ। ਤੁਸੀਂ ਆਸਾਨੀ ਨਾਲ ਆਪਣੇ ਪਤੀ ਨੂੰ ਟੋਕ ਸਕਦੇ ਹੋ, "ਇਹ ਕਿਹੜਾ ਤੌਲੀਆ ਚੁੱਕ ਲਿਆ ਏ ? ਇਹ ਤਾਂ ਨਹਾਉਣ ਵਾਲਾ ਏ। ਹੱਥ ਪੂੰਝਣ ਵਾਲਾ ਤਾਂ ਤਾਰ ਤੇ ਟੰਗਿਆ ਹੋਇਆ ਏ।" ਇਸ ਤਰ੍ਹਾਂ ਪਤੀ ਸਮਝ ਹੀ ਨਹੀਂ ਸਕੇਗਾ ਕਿ ਉਸ ਨੇ ਕਿਹੜੀ ਗਲਤੀ ਕੀਤੀ ਹੈ। ਕਿਉਂਕਿ ਕੋਈ ਵੀ ਤੌਲੀਆ ਜਿਹੜਾ ਸਰੀਰ ਪੂੰਝਣ ਲਈ ਵਰਤਿਆਜਾ ਸਕਦਾ ਹੈ, ਉਸ ਨਾਲ ਹੱਥ ਨਹੀ ਪੂੰਝੇ ਜਾ ਸਕਦੇ ? ਪਰ ਫਿਰ ਵੀ ਪਤੀ ਆਪਣੇ ਆਪ ਨੂੰ ਅਪਰਾਧੀ ਸਮਝੇਗਾ ਕਿ ਉਸ ਨੇ ਗਲਤ ਤੌਲੀਏ ਨਾਲ ਹੱਥ ਪੂੰਝੇ ਹਨ।

ਤੀਸਰਾ ਨੁਕਤਾ :

ਛੋਟੇ ਛੋਟੇ ਕੰਮਾਂ - ਜਿਵੇਂ ਬਟਨ ਲਾਉਣ, ਰਫੂ ਕਰਨ ਆਦਿ ਦਾ ਕੰਮ ਕਦੇ ਵੀ ਛੇਤੀ ਨਾ ਕਰੋ। ਪਤੀ ਨੂੰ ਆਪਣੇ ਅੱਗੇ ਪਿੱਛੇ ਫਿਰਨ ਦਿਉ।

ਜੇ ਤੁਸੀਂ ਅਜਿਹੇ ਕੰਮਾਂ ਨੂੰ, ਜਿਹੜੇ ਜ਼ਾਹਿਰਾ ਤੌਰ ਤੇ ਛੋਟੇ ਹਨ, ਤੁਰੰਤ ਕਰ ਦਿਤਾ ਜਾਂ ਪਤੀ ਦੇ ਬਿਨਾਂ ਕਹੇ ਜਾਂ ਦਸੇ ਕਰ ਦਿਤਾ ਤਾਂ ਇਸ ਨਾਲ ਤੁਹਾਡੀ ਉਪਯੋਗਿਤਾ ਦੇ ਮਹੱਤਵ ਨੂੰ ਨੁਕਸਾਨ ਪੁੱਜੇਗਾ। ਧੋਬੀ ਦੇ ਧੋਤੇ ਕੱਪੜੇ ਆਉਂਦਿਆਂ ਹੀ ਜੇ ਤੁਸੀਂ ਟੁੱਟੇ ਬਟਨ ਲਾ ਦਿਤੇ ਤਾਂ ਪਤੀ ਨੂੰ ਪਹਿਨਣ ਸਮੇਂ ਬਿਨਾਂ ਬਟਨ ਦੇ ਕਮੀਜ਼ ਮਿਲੇਗੀ ਹੀ ਨਹੀਂ ਅਤੇ ਉਸ ਨੂੰ ਪਤਾ ਨਹੀਂ ਲੱਗੇਗਾ ਕਿ ਬਟਨ ਤੁਸੀਂ ਲਾਏ ਹਨ। ਇਸ ਲਈ ਜ਼ਰੂਰੀ ਹੈ ਕਿ ਜਦੋਂ ਤਕ ਪਤੀ ਆਪ ਇਹ ਕੰਮ ਕਰਨ ਲਈ ਨਾ ਕਹੇ ਤੁਸੀਂ ਇਹ ਕੰਮ ਨਾ ਕਰੋ। ਕਹਿਣ 'ਤੇ ਵੀ ਤੁਰੰਤ ਨਾ ਕਰੋ ਅਤੇ ਆਪਣੇ ਆਪ ਨੂੰ ਜ਼ਰੂਰੀ ਕੰਮਾਂ ਵਿਚ ਰੁਝੇ ਵਿਖਾਓ। ਵਾਰ ਵਾਰ ਕਹਿਣ ਤੇ ਵੀ ਕੰਮ ਨੂੰ ਹੱਥ 'ਚ ਨਾ ਲਵੋ। ਜੇ ਪਤੀ ਨੇ ਟੁੱਟੇ ਬਟਨਾਂ ਵਾਲੀ ਕਮਾਜ਼ ਪਾ ਲਈ ਤਾਂ ਉਸ ਨੂੰ ਕਮੀਜ਼ ਉਤਾਰਨ ਲਈ ਕਹੋ। ਜੇ ਨਹੀਂ ਪਾਈ ਤਾ ਕਹੋ, "ਕਮੀਜ਼ ਪਾ ਲਵੋ, ਕਮੀਜ਼ ਪਾਇਆ ਹੀ ਬਟਨ ਲਾ ਦੇਵਾਂਗੀ।" ਕਮੀਜ਼ ਪਾ ਕੇ ਖੜ੍ਹੇ ਹਨ ਤਾਂ ਬੈਠ ਜਾਣ ਲਈ ਕਹੋ ਅਤੇ ਜੇ ਬੈਠੇ ਹਨ ਤਾਂ ਖੜ੍ਹੇ ਹੋਣ ਲਈ ਕਹੋ। ਯਾਦ ਰੱਖੋ ਕਿ ਪਤੀ ਤੋਂ ਇਸ ਤਰ੍ਹਾਂ ਦਾ ਬੈਠਣਾ ਉਠਣਾ ਕਰਵਾਉਣ ਦਾ ਮੌਕਾ ਕਦੇ ਹੀ ਮਿਲਦਾ ਹੈ। ਮੌਕੇ ਦਾ ਪੂਰਾ ਲਾਭ ਉਠਾਉ। ਉਹ ਅਜਿਹਾ ਸਮਾਂ ਹੈ ਜਦੋਂ ਪਤੀ ਦੀ ਇਹ ਮਜਾਲ ਨਹੀਂ ਕਿ ਤੁਹਾਡਾ ਕਹਿਣਾ ਨਾ ਮੰਨੇ।

ਚੌਥਾ ਨੁਕਤਾ

ਆਪਣਾ ਕਸੂਰ ਕਦੇ ਵੀ ਸਵੀਕਾਰ ਨਾਂ ਕਰੋ, ਸਗੋਂ ਆਪਣੇ ਕਸੂਰ ਨੂੰ ਪਤੀ ਦਾ ਕਸੂਰ ਦੱਸੋ। ਆਪਣੀਆਂ ਗਲਤੀਆਂ ਨੂੰ ਤੁਰੰਤ ਸਵੀਕਾਰ ਕਰ ਲੈਣਾ ਔਰਤਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਇਸ ਲਈ ਗਲਤੀ ਸਵੀਕਾਰ ਕਰਨ ਤੋਂ ਬਚਣਾਂ ਚਾਹੀਦਾ ਹੈ। ਇਕ ਵਾਰ ਤੁਸੀਂ ਗਲਤੀ ਸਵੀਕਾਰ ਕੀਤੀ ਨਹੀਂ ਕਿ ਪਤੀ ਨੂੰ ਤੁਹਾਡੇ 'ਤੇ ਹਾਵੀ ਹੋਣ ਦਾ ਮੌਕਾ ਮਿਲਿਆ ਨਹੀਂ। ਇਸ ਲਈ ਇਹ ਜਾਣਦਿਆਂ ਹੋਇਆਂ ਵੀ ਕਿ ਗਲਤੀ ਤੁਹਾਡੀ ਹੈ, ਫਿਰ ਵੀ ਗਲਤੀ ਕਦੇ ਸਵੀਕਾਰ ਨਾ ਕਰੋ। ਮੰਨ ਲਵੋ ਤੁਸੀਂ ਸਬਜ਼ੀ ਵਿਚ ਬਹੁਤ ਜ਼ਿਆਦਾ ਲੂਣ ਪਾ ਦਿਤਾ ਹੈ ਅਤੇ ਪਤੀ ਨੇ ਇਸ ਬਾਰੇ ਸ਼ਕਾਇਤ ਕੀਤੀ ਹੈ ਤਾਂ ਤੁਰੰਤ ਕਹੋ, "ਮੈਂ ਜ਼ਿਆਦਾ ਲੂਣ ਨਹੀਂ ਪਾਇਆ। ਉਤਨਾ ਹੀ ਪਾਇਆ ਹੈ ਜਿਹੜਾ ਕਿ ਰੋਜ਼ ਪਾਉਂਦੀ ਹਾਂ। ਲੱਗਦਾ ਇਸ ਵਾਰ ਤੁਸੀਂ ਲੂਣ ਚੰਗਾ ਨਹੀਂ ਲਿਆਂਦਾ। ਥੋੜ੍ਹਾ ਜਿਹਾ ਲੂਣ ਪਾਓ ਤਾਂ ਬਹੁਤਾ ਹੋ ਜਾਂਦਾ ਏ।" ਵੇਖੋ ਕਿਸ ਖੂਬੀ ਨਾਲ ਸਾਰਾ ਦੋਸ਼ ਪਤੀ ਦੇ ਸਿਰ ਮੜ੍ਹਿਆ ਗਿਆ। ਜੇ ਲੂਣ ਪਤੀ ਨੇ ਨਾਂ ਲਿਆਂਦਾ ਹੋਵੇ, ਫਿਰ ਵੀ ਘਬਰਾਉਣ ਦੀ ਲੋੜ ਨਹੀਂ। ਤੁਸੀਂ ਅਸਾਨੀ ਨਾਲ ਕਹਿ ਸਕਦੇ ਹੋ, "ਤੁਹਾਡਾ ਸੁਆਦ ਹੀ ਵਿਗੜ ਗਿਆ ਏ — ਕਦੇ ਲੂਣ ਜ਼ਿਆਦਾ ਲਗਦਾ ਏ, ਕਦੇ ਘੱਟ। ਮੇਰੀ ਤਾਂ ਸਮਝ ਵਿਚ ਹੀ ਨਹੀਂ ਆਉਂਦਾ ਕਿ ਕਿੰਨਾ ਲੂਣ ਪਾਵਾਂ। ਅੱਗੋਂ ਲੂਣ ਸਬਜ਼ੀ ਵਿਚ ਪਾਉਣ ਸਮੇਂ ਤੁਹਾਨੂੰ ਵਿਖਾ ਕੇ ਪਾਵਾਂਗੀ।"

(ਬਾਕੀ ਪੰਨਾ 15 ਤੇ)

ਹਉਮੈਂ, ਹੰਕਾਰ ਤੇ ਕੁਰਸੀਆਂ

ਗੁਰਬਾਨੀ ਦੀ ਵਿਚਾਰਧਾਰਾ ਵਿਚ ਹਉਮੈਂ ਤੇ ਹੰਕਾਰ ਤੇ ਕਾਫੀ ਵਿਖਿਆਨ ਕੀਤਾ ਗਿਆ ਹੈ। ਹਉਮੈਂ ਤੇ ਹੰਕਾਰ ਨੂੰ ਅੱਗ ਨਾਲ ਤੁਲਨਾ ਦਿਤੀ ਹੋਈ ਹੈ ਤੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਸ ਅੱਗ ਤੋਂ ਜੇ ਛੁਟਕਾਰਾ ਨਾਂ ਕੀਤਾ ਗਿਆ ਤਾਂ ਇਹ ਵਿਅਕਤੀ ਦੀ ਮਾਨਸਕ ਤੇ ਜਸਮਾਨੀ ਅਵੱਸਥਾ-ਨੂੰ ਸਾੜ ਸਕਦੀ ਹੈ। ਪਰ ਅੱਜ ਦੇ ਬਹੁਤੇ ਗੁਰਸਿਖ ਇਨ੍ਹਾਂ ਪਰਮੁਖ ਵਿਚਾਰਾਂ ਨੂੰ ਇਕਲਾਂਭੇ ਕਰਕੇ ਹਉਮੈਂ ਤੇ ਹੰਕਾਰ ਦੀ ਅਗਨੀ ਦੀ ਲਪੇਟ ਵਿਚ ਆਕੇ ਇਉਂ ਚੌੜੇ ਹੋ ਹੋਕੇ ਤੁਰਦੇ ਹਨ ਜਿਵੇਂ ਕੋਈ ਭੂਤ ਵੜਗਿਆ ਹੁੰਦਾ। ਇਨ੍ਹਾਂ। ਇਨ੍ਹਾਂ ਸਿੱਖਾਂ ਨੂੰ ਬਹਾਦਰੀ ਦੇ ਤਗਮੇ ਦਿਤੇ ਜਾਂਦੇ ਹਨ ਜਦ ਉਹ ਕਿਸੇ ਦੀ ਪੱਗ ਲਾਹ ਦੇਣ ਜਾਂ ਘਸੁੰਨ ਮਾਰ ਦੇਣ। ਇਹ ਥੋੜੇ ਵਿਅਕਤੀਆਂ ਦਾ ਕੌਮ ਤੇ ਜੋ ਪ੍ਰਤੀ ਕਰਮ ਹੁੰਦਾ ਹੈ ਉਸਦਾ ਇਨ੍ਹਾਂ ਵਿਅਕਤੀਆਂ ਨੂੰ ਕੋਈ ਪਰਵਾਹ ਨਹੀਂ। ਉਨ੍ਹਾਂ ਦੇ ਗਰਮ ਤੇ ਭੜਕਾਊ ਵਿਚਾਰ ਪੇਪਰਾਂ ਵਿਚ ਪਾਕੇ ਸੰਗਤਾਂ ਨੂੰ ਆਪਸ ਵਿਚ ਵੰਡਕੇ ਟਕਰਾ ਕੇ, ਕੁਝ ਪੇਪਰ ਹਾਸੋਹੀਣੀ ਤੇ ਤਮਾਸ਼ਬੀਨ ਸਥਿਤੀ ਬਣਾਕੇ ਆਪਦੇ ਅਖਬਾਰ ਵੇਚਣ ਵਿਚ ਸਫਲ ਹੋ ਰਹੇ ਹਨ। ਜਿਵੇ ਬਾਂਦਰ ਦਾ ਤਮਾਸ਼ਾ ਵੇਖਕੇ ਲੋਕਾਂ ਦਾ ਇਕੱਠ ਹੋ ਜਾਂਦਾ ਹੈ ਇਸੇ ਤਰ੍ਹਾਂ ਹੀ ਇਨ੍ਹਾਂ ਅਖਬਾਰਾਂ ਨੂੰ ਖਰੀਦਕੇ ਲੋਕ ਜੀਅ ਪਰਚਾਉਂਦੇ ਹਨ। ਉਨ੍ਹਾਂ ਦੀ ਬਹੁਤੀ ਦਿਲਚਸਪੀ ਇਸ ਗੱਲ ਵਿਚ ਹੈ ਕਿ ਅੱਜ ਅਖਬਾਰ ਵਿਚ ਕਿਸਦੀ ਬੇਇੱਜਤੀ ਕੀਤੀ ਗਈ ਹੋਈ ਹੈ ਤੇ ਵੇਖੋ ਕਿਹੋ ਜਿਹੇ ਘਿਨਾਉਣੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੋਵੇਗੀ। ਇਸਤਰ੍ਹਾਂ ਇਹ ਅਖਬਾਰਾਂ ਵੀ ਹਉਮੈਂ ਤੇ ਹੰਕਾਰ ਦੇ ਸਿਕਾਰ ਹੋ ਚੁੱਕੀਆਂ ਹਨ ਤੇ ਕਮੀਨੀਆਂ ਕਦਰਾਂ ਕੀਮਤਾਂ ਨੂੰ ਹੱਲਾਸ਼ੇਰੀ ਦੇਕੇ ਸਾਫ ਤੇ ਸੁਥਰੀਆਂ ਕਦਰਾਂ ਕੀਮਤਾਂ ਨੂੰ ਦਾਅ ਲਾ ਰਹੇ ਹਨ।

ਇਸੇ ਤਰ੍ਹਾਂ ਹੀ ਕੁਰਸੀਆਂ ਨੂੰ ਜੱਫਾ ਪਾਉਣ ਵਾਲੇ ਲੀਡਰਾਂ ਦੀ ਅਸੀਂ ਨੁਕਤਾਚੀਨੀ ਕੀਤੀ ਸੀ। ਇਥੇ ਭੀ ਕਈ ਲੀਡਰ ਕੰਮ ਘੱਟ ਤੇ ਨਾਅਮਬਾਜ਼ੀ ਜਿਆਦਾ ਲਾਕੇ ਆਪਦੀਆਂ ਕੁਰਸੀਆਂ ਨੂੰ ਸੁਰਖਿਅੱਤ ਕਰ ਰਹੇ ਹਨ। ਜੇ ਕੋਈ ਸਿਆਣਾ ਆਗੂ ਮੂਹਰੇ ਆਵੇ ਤਾਂ ਉਸਨੂੰ ਪਾਸ ਧੱਕ ਦਿਤਾ ਜਾਂਦਾ ਹੈ ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ ਸਾਡੀ ਕੌਮ ਨੂੰ ਤਾਂ ਸਿਆਣਪ ਦੀ ਲੋੜ ਹੀ ਨਹੀਂ ? ਨਿਊਕਲੀਅਰ ਉਮਰ ਵਿਚ ਆਕੇ ਢੰਗ ਅਠਾਰਵੀਂ ਸਦੀ ਵਾਲੇ ਵਰਤੇ ਜਾ ਰਹੇ ਹਨ। ਸਾਡੇ ਪੰਜਾਬੀਆਂ ਵਿਚ ਕਈ ਫਲਾਹ ਸੋਟਾ ਦਲੀਲ ਨੂੰ ਤੁਰੰਤ ਸਵੀਕਾਰ ਕਰ ਲੈਂਦੇ ਹਨ। ਇਸਨੂੰ ਚੁਸਤ ਲੋਕ ਬਹੁਤ ਇਸਤੇਮਾਲ ਕਰ ਰਹੇ ਹਨ। ਜੇ ਜ਼ਰਾ ਡੂੰਘੀ ਵਿਚਾਰ ਨਾਲ ਘੋਖ ਕੀਤੀ ਜਾਵੇ ਤਾਂ ਇਨ੍ਹਾਂ ਅਖਾਉਤੀ ਲੀਡਰਾਂ ਦੀ ਪੋਲ ਤੇ ਬੋਥਾਪਨ ਬੜੀ ਛੇਤੀ ਸਾਹਮਣੇ ਆ ਜਾਂਦਾ ਹੈ। ਕਮਿਊਨਿਟੀ ਵਿਚ ਬਹੁਤ ਸਾਰੇ ਲੋਕ ਇਨ੍ਹਾਂ ਘਿਨਾਉਣੀਆਂ ਚਾਲਾਂ ਨੂੰ ਸਮਝਦੇ ਹਨ ਪਰ ਉਹ ਇਨ੍ਹਾਂ ਗੱਲਾਂ ਦੀ ਲਪੇਟ ਵਿਚ ਆਕੇ ਆਪਦੇ ਮਨ ਦੀ ਸ਼ਾਂਤੀ ਨੂੰ ਖਰਾਬ ਕਰਨਾਂ ਨਹੀਂ ਮੰਗਦੇ। ਇਤਹਾਸਕ ਤੌਰ ਤੇ ਭੀ ਸਾਡੀ ਕੌਮ ਦਾ ਇਹ ਸੰਕਟ ਉਭਰ ਕੇ ਆਇਆ ਹੈ। ਬਹੁਤ ਸਾਰੀਆਂ ਮੂਵਮੈਂਟਾਂ ਦੇਸ਼ ਭੀ ਤੇ ਪਰਦੇਸ ਵੀ , ਕੁਰਸੀਆਂ ਨੂੰ ਜੱਫਾ ਪਾਉਣ ਵਾਲਿਆਂ ਨੇ ਸਫਲ ਨਹੀਂ ਹੋਣ ਦਿੱਤੀਆਂ। ਲੰਬੀ ਸੋਚ ਤੇ ਦੂਰ ਦਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਛੇਤੀ ਹੀ ਗਰਮ, ਭੜਕਾਊ ਤੇ ਜ਼ਹਿਰੀਲੀਆਂ ਲਿਖਤਾਂ ਤੇ ਸਪੀਚਾਂ ਦੇਣ ਵਾਲਿਆਂ ਨੂੰ ਬੜੀ ਆਸਾਨੀ ਨਾਲ ਨਿਖੇੜਿਆ ਜਾ ਸਕਦਾ ਹੈ। ਉਹ ਗੁਰਸਿਖ ਭੀ ਪਰਤੱਖ ਅੱਗੇ ਆ ਜਾਣਗੇ ਜੋ ਸਮਾਜਕ ਟੌਰ ਲਈ ਹੀ ਅਖੰਡ ਪਾਠ ਕਰਾਉਂਦੇ ਹਨ ਪਰ ਕਦੇ ਸ਼ਾਂਤਮਈ ਨਾਲ ਬੈਠਕੇ ਇਕ ਸ਼ਬਦ ਨਹੀਂ ਸੁਣਦੇ। ਜੇ ਜ਼ਜ਼ਬਾਤ ਨੂੰ ਇਕਲਾਂਭ ਕਰਕੇ ਇਨ੍ਹਾਂ ਵਿਅਕਤੀਆਂ ਨੂੰ ਘੋਖਿਆ ਜਾਵੇ ਤਾਂ ਇਨ੍ਹਾਂ ਦੇ ਵੱਡੇ ਵੱਡੇ ਮਘੋਰੇ ਤਹਾਨੂੰ ਪਰਤਖ ਦਿਸਣ ਲੱਗ ਪੈਣਗੇ। ਇਨ੍ਹਾਂ ਫਸਲ ਬਟੇਰਿਆਂ ਤੋਂ ਬਚਣ ਦੀ ਕਮਿਊਨਿਟੀ ਨੂੰ ਅਵੱਸ਼ ਲੋੜ ਹੈ।

— ਚਰਨਪਾਲ ਗਿੱਲ

ਹਿੰਦੁਸਤਾਨੀ ਗਣਤੰਤਰ ਦਿਵਸ ਦੀ ਜ਼ੋਰਦਾਰ ਨਿਖੇਧੀ ਕਰੋ!

26 ਜਨਵਰੀ 1985 ਨੂੰ ਹਿੰਦੁਸਤਾਨ ਦੇ ਗਣਤੰਤਰ ਦੀ 35ਵੀਂ ਵਰ੍ਹੇ ਗੰਢ ਹੈ। ਇਹ ਸਾਰਾ ਸ਼ਮਾਂ ਹੀ ਹਿੰਦੁਸਤਾਨ ਦੀਆਂ ਹਾਕਤ ਜਮਾਤਾਂ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਾਗੀਰਦਾਰਾਂ ਨੇ ਹਿੰਦੁਸਤਾਨ ਦੇ ਲੋਕਾਂ ਤੇ ਕਹਿਰਾਂ ਦੇ ਜ਼ੁਲਮ ਢਾਹੇ ਹਨ। ਸਿਰਫ ਪਿਛਲੇ ਸਾਲ ਵਿੱਚ ਹੀ ਪੰਜਾਬ, ਮਹਾਂਰਾਸ਼ਟਰ, ਬੰਬਈ, ਆਂਧਰਾ ਪ੍ਰਦੇਸ਼, ਭੂਪਾਲ ਅਤੇ ਦਿੱਲੀ ਆਦਿ ਥਾਵਾਂ ਤੇ ਹਜ਼ਾਰਾਂ ਹੀ ਭਾਰਤੀ ਲੋਕਾਂ ਦਾ ਵਹਿਸ਼ੀ ਕਤਲੇਆਮ ਕੀਤਾ ਗਿਆ ਹੈ। ਈਸਟ ਇੰਡੀਅਨ ਡੀਫੈਂਸ ਕਮੇਟੀ ਕੈਨੇਡਾ ਭਰ ਵਿੱਚ ਇਸ ਗਲੇ ਸੜੇ ਢਾਂਚੇ ਦੀ ਨਿਖੇਧੀ ਕਰਨ ਲਈ ਮੀਟਿੰਗਾਂ ਤੇ ਮੁਜ਼ਾਹਰੇ ਜਥੇਬੰਦ ਕਰ ਰਹੀ ਹੈ। ਇਸ ਹੀ ਮੌਕੇ ਤੇ ਅਸੀਂ ਸਮੁੱਚੀ ਕਮਿਊਨਿਟੀ ਨੂੰ ਸੰਦੇਸ਼ ਦਿੰਦੇ ਹਾਂ ਕਿ ਹਿੰਦੁਸਤਾਨ ਦੇ ਮੌਜੂਦਾ ਹਾਲਾਤ ਬਾਰੇ ਸਾਥੀ ਹਰਦਿਆਲ ਬੈਂਸ ਦੀ ਮਹੱਤਵ ਪੂਰਨ ਕ੍ਰਿਤ "ਸ਼ਹੀਦਾਂ ਦਾ ਸੰਦੇਸ਼" ਪੇਸ਼ ਕੀਤੀ ਜਾਵੇਗੀ।

ਪ੍ਰੋਗਰਾਮ

ਮੁਜ਼ਾਹਰਾ: 27 ਜਨਵਰੀ ਦਿਨ ਐਤਵਾਰ, 3.00 ਵਜੇ ਬਾਅਦ ਦੁਪਹਿਰ ਪੰਜਾਬੀ ਮਾਰਕਿਟ (ਮੇਨ ਸਟਰੀਟ ਤੇ 49 ਐਵੇਨਿਊ ਤੇ ਇਕੱਠੇ ਹੋਵੋ)

ਮੀਟਿੰਗ: 4 ਵਜੇ ਸ਼ਾਮ ਦੇਸ਼ ਭਗਤ ਟੈਂਪਲ, 5880 ਮੇਨ ਸਟਰੀਟ, ਵੈਨਕੂਵਰ

ਮੁੱਖ ਬੁਲਾਰਾ: ਸਾਥੀ ਹਰਦਿਆਲ ਬੈਂਸ ਕਨੇਡਾ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੇ ਮੁੱਖ ਸਕੱਤਰ ਅਤੇ ਬਿਦੇਸ਼ਾਂ ਵਿੱਚ ਵਸਦੇ ਹਿੰਦੁਸਤਾਨੀਆਂ ਦੇ ਆਗੂ

ਇਸ ਰੈਲੀ ਵਿੱਚ ਹੀ ਸਾਥੀ ਹਰਦਿਆਲ ਬੈਂਸ ਵੱਲੋਂ ਪੰਜਾਬ ਅਤੇ ਹਿੰਦੁਸਤਾਨ ਦੇ ਹਾਲਾਤਾਂ ਬਾਰੇ ਲਿਖੀ ਹੋਈ ਪੁਸਤਕ "ਸ਼ਹੀਦਾਂ ਦਾ ਸੰਦੇਸ਼" ਪੇਸ਼ ਕੀਤੀ ਜਾਵੇਗੀ। ਸਭ ਲੋਕਾਂ ਨੂੰ ਆਉਣ ਲਈ ਜ਼ੋਰਦਾਰ ਸੱਦਾ ਦਿੱਤਾ ਜਾਂਦਾ ਹੈ।

ਵਧੇਰੇ ਜਾਣਕਾਰੀ ਲਈ: ਈਸਟ ਇੰਡੀਅਨ ਡੀਫੈਂਸ ਕਮੇਟੀ, ਵੈਨਕੂਵਰ 681-5020

ਇਕ ਆਦਮੀ ਨੇ ਇਕ ਪੁਰਾਣਾ ਮਕਾਨ ਸਸਤੇ ਭਾਅ ਵਿਚ ਖਰੀਦਿਆ। ਲੋਕਾਂ ਦਾ ਵਿਚਾਰ ਸੀ ਕਿ ਇਸ ਵਿਚ ਭੂਤ ਰਹਿੰਦੇ ਹਨ ਪਰ ਉਸ ਆਦਮੀ ਨੂੰ ਭੂਤਾਂ ਵਿਚ ਵਿਸ਼ਵਾਸ ਨਹੀਂ ਸੀ।

ਮਕਾਨ ਦੀ ਪੁਟਾਈ ਦੇ ਬਾਅਦ ਇਕ ਦਿਨ ਉਹ ਕਮਰੇ ਦੇ ਅੰਦਰ ਬੈਠਾ ਕਿਤਾਬ ਪੜ੍ਹ ਰਿਹਾ ਸੀ ਕਿ ਬਾਹਰੋਂ ਕਿਸੇ ਦੀ ਆਵਾਜ਼ ਆਈ। ਵਿਹੜੇ ਵਿਚ ਆ ਕੇ ਉਸ ਨੇ ਦੇਖਿਆ, ਦੋ ਬਜ਼ੁਰਗ ਆਦਮੀ ਬਾਤਚੀਤ ਕਰ ਰਹੇ ਸਨ।

ਉਸ ਆਦਮੀ ਨੇ ਪੁਛਿਆ, "ਕਿਉਂ ਬਈ ਮੈਂ ਇਹ ਮਕਾਨ ਖਰੀਦਿਆ ਹੈ, ਲੋਕ ਕਹਿੰਦੇ ਨੇ ਇਥੇ ਭੂਤਾਂ ਦਾ ਡੇਰਾ ਹੈ। ਕੀ ਇਹ ਸਚ ਹੈ ?"

ਦੋਨੋਂ ਆਦਮੀਆਂ ਨੇ ਬੜੀ ਮਾਸੂਮੀਅਤ ਨਾਲ ਜੁਆਬ ਦਿਤਾ, "ਸਾਨੂੰ ਤਾਂ ਕੁਝ ਪਤਾ ਨਹੀਂ। ਸਾਨੂੰ ਮਰਿਆਂ ਤਾ ਡੇਢ ਸੌ ਸਾਲ ਹੋ ਗਏ ਨੇ।"

BOMBAY SWEETS

& Restaurants

6556 - 6560 MAIN ST. VANCOUVER


Ph. 321-1414
874-5722

For Largest Variety in Indian Sweets

Delicious Indian food

RANALLO'S FARM

29910 West Burgess Road,
N. Mt. Lehman, Abbotsford




GOAT - LAMB - CHICKEN

ਵੱਢ ਕੇ ਪੂਰਾ ਬੱਕਰਾ, ਚਿਕਨ, ਭੇਡੂ ਜਾਂ ਸੂਰ ਲਿਜਾ ਸਕਦੇ ਹੋ।

ਆਓ ਅਤੇ ਸਾਡੇ ਰੇਟ ਅਜ਼ਮਾਓ

ਸ਼ਨਿਚਰਵਾਰ ਤੇ ਐਤਵਾਰ ਸਿਰਫ 10 ਤੋਂ 3 ਵਜੇ ਤੱਕ

29910 West Burgess Road, N. Mt. Lehman, Abbotsford, B.C.

Tel: 856-8434 ● 856-1404

ਲੋਕ ਸਦਭਾਵਨਾ ਮੰਚ ਵੱਲੋਂ ਸਰਕਾਰ ਦੀਆਂ ਤਿੰਨ ਪੱਧਰਾਂ ਤੇ ਹੀ ਖਤ ਭੇਜਿਆ ਗਿਆ

FORUM FOR COMMUNAL HARMONY
P.O. Box 2252, New Westminster, B.C.
V3L 5A5

December 21, 1984

Dear Sir:

RE: INDO—CANADIAN COMMUNITY

The Indo-Canadian community in Canada, more particularly in British Columbia, and specifically so, in the city of Vancouver, has been going through an agonizing period of violence, terror, threats and censure unleashed by some extremist elements. Many community leaders, newspaper editors, publishers, writers, broadcasters and merchants with different opinions, have been threatened and harrassed; more recently a well known Indo-Canadian poet was physically assaulted. Some people who have expressed their opinions have been receiving obscene and threatening phone calls. All of this has had a very unsettling effect on our community. As Canadians, we are mindful of the fact that, though we have the right to speak out on issuse affecting foreign lands, yet we must protect and preserve the harmony of our society.

It is our submission that the threats, the hit lists, the vioilence, the intimidation and the terror in Canada and more particularly in Vancouver, B.C., are now a Canadian problem. We have adopted this country as our home. A violent minority amongst us is bent upon denying community at large the right to free thought and expression in Canada.

The police forces of various cities across Canada have been alerted for some time, but the threats, violence, terror, and the reign of fear continue to date. We as Canadians expect and demand that the elements that create violent disturbances and engage in repression of difference of political opinion and free expression be dealt with the full force of law, so that the harmony of our society is maintained and the finer Canadian traditions of freedom of thought, expression and belief are upheld.

We appeal to you to consider this problem as one of the top priority so that no permanent damage is done to the community and to the country as a whole.

Thanking you.

Yours truly,

Spokesman
Forum for Communal Harmony.

FORUM FOR COMMUNAL HARMONY
P.O. Box 2252
NEW WESTMINSTER, B.C.
V3L 5A5

Jan. 12, 1985

Dear Editor, Canada Darpan:

The Forum for Communal Harmony has sent the enclosed letter to all three levels of Government and Leaders of the opposition parties.

Hundreds of other individuals have written similar letters in the near-past and have received sympathatic replies.

We believe that we all should ask the Government to protect the people; but the real solution to such problems is in the hands of our community itself.

We appeal to the people not to be intimidated, to stand up courageously for their opinions so as to isolate the fanatical elements who want to deprive us of the freedom of expression.

Kindly publish this covering note and the enclosed letter in your esteemed news paper please.

Yours truly,

Jasjit Sandhu
Spokesman
Forum for Communal
Harmony.

(ਪੰਨਾ ਮ ਟੀ ਵਾਰੀ)

ਪੰਜਵਾਂ ਨੁਕਤਾ :

ਪਤੀ ਦੀ ਪੂਰੀ ਗੱਲ ਕਦੇ ਨਾ ਸੁਣੋ। ਉਸ ਦੀ ਗੱਲ ਵਿਚੋਂ ਕੱਟ ਕੇ ਆਪਣੀ ਗੱਲ ਕਰਨੀ ਸ਼ੁਰੂ ਕਰ ਦਿਓ ਜੇ ਤੁਹਾਡਾ ਪਤੀ ਗਲਾਕੜੀ ਹੈ ਤਾਂ ਉਸ ਨੂੰ ਦਰੁਸਤ ਕਰਨ ਦਾ ਇਹ ਅਚੂਕ ਨੁਸਖਾ ਹੈ। ਯਾਦ ਰੱਖੋ ਕਿ ਗਲਾਕੜੀ ਹੋਣ ਦਾ ਅਧਿਕਾਰ ਕੇਵਲ ਔਰਤਾਂ ਦਾ ਹੈ। ਇਸ ਖੇਤਰ ਵਿਚ ਪਤੀ ਨੂੰ ਕਦੇ ਵੀ ਦਾਖਲ ਨਾ ਹੋਣ ਦਿਓ, ਨਹੀਂ ਤਾਂ ਤੁਹਾਡੀ ਗੱਲ ਤੁਹਾਡਾ ਪਤੀ ਕਦੇ ਨਹੀਂ ਸੁਣੇਗਾ। ਅਕਸਰ ਵੇਖਿਆ ਜਾਂਦਾ ਹੈ ਕਿ ਪਤੀ ਦਫਤਰੋਂ ਆ ਕੇ ਦਫਤਰ ਵਾਪਰੀਆਂ ਘਟਨਾਵਾਂ, ਦੁਰਘਟਨਾਵਾਂ ਵੇਰਵੇ ਨਾਲ ਪਤਨੀ ਨੂੰ ਦੱਸਣ ਲਗਦਾ ਏ। ਜ਼ਰਾ ਸੋਚੋ, ਪਤੀ ਦੀਆਂ ਦਫਤਰ ਦੀਆਂ ਗੱਲਾਂ ਬਾਤਾਂ ਤੋਂ ਤੁਸੀਂ ਕੀ ਲੈਣਾ ਏ। ਤੁਸੀਂ ਅਜਿਹੀਆਂ ਗੱਲਾਂ ਵਿਚ ਬਿਲਕੁਲ ਦਿਲਚਸਪੀ ਨਾ ਵਿਖਾਓ। ਮੌਕਾ ਮਿਲਦਿਆਂ ਹੀ ਆਪਣੇ ਪਤੀ ਦੀ ਗੱਲ ਵਿਚਾਲਿਓਂ ਕਟ ਦਿਉ ਅਤੇ ਪੜੋਸਣ ਨਾਲ ਹੋਈ ਵਾਰਤਾ ਨੂੰ ਸੁਨਾਉਣ ਲਗ ਪਵੋ।

ਭਾਵੇਂ ਪਤੀ ਨੂੰ ਸਿਰੇ ਨਾ ਚੜਾਉਣ ਬਾਰੇ ਹੋਰ ਵੀ ਬਹੁਤ ਸਾਰੇ ਨੁਕਤੇ ਹਨ, ਪਰ ਫਿਲਹਾਲ ਇਨ੍ਹਾਂ ਪੰਜਾਂ ਨੁਕਤਿਆਂ 'ਤੇ ਹੀ ਅਮਲ ਕਰੋ। ਤੁਹਾਨੂੰ ਜ਼ਰੂਰ ਲਾਭ ਪੁੱਜੇਗਾ ਅਤੇ ਤੁਹਾਡਾ ਪਤੀ ਪਤਨੀਬਰਤਾ ਪਤੀ ਬਣ ਜਾਵੇਗਾ।

●●●●●●●●●●

ਸਿਸ਼ਟਾਚਾਰ ਦਾ ਭੋਰਾ ਭਰ ਵੀ ਸਾਜ਼ ਜਿਨ੍ਹਾਂ ਨੂੰ ਗਿਆਨ ਨਹੀਂ,
ਆ ਜਾਂਦੇ ਸਮਝਾਵਣ ਸਾਨੂੰ ਬਣ ਕੇ ਬੜੇ ਸਿਆਣੇ ਲੋਕ।

ਨਨਕਾਣਾ ਸਾਹਿਬ ਯਾਤਰਾ ਸਮੇਂ ਵੀ ਕੁਝ ਲੀਡਰਾਂ ਨੇ ਪੌਂਡ ਬਟੋਰਨ ਦੀ ਕੋਸ਼ਿਸ਼ ਕੀਤੀ

ਇਸ ਸਾਲ ਗੁਰੂ ਨਾਨਕ ਦੇਵ ਦੇ ਜਨਮ ਗੁਰਪੁਰਬ ਉਤੇ ਨਨਕਾਣਾ ਸਾਹਿਬ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪਰਗਟ ਹੋਣ ਦੀ ਚਰਚਾ ਆਮ ਸੀ। ਜੱਥੇ ਦੇ ਲੋਕਾਂ ਨੂੰ ਲੀਡਰਾਂ ਵੱਲੋਂ ਇਸਦਾ ਯਕੀਨ ਦਿਵਾਇਆ ਗਿਆ ਸੀ। ਹਰਿਮੰਦਰ ਸਾਹਿਬ ਉਤੇ ਫੌਜੀ ਹਮਲੇ ਪਿਛੋਂ ਜੋ ਸਿੰਘ ਪਾਕਿਸਤਾਨ ਪੁੱਜ ਗਏ ਸਨ ਅਤੇ ਸਿੱਖ ਹਾਈਜੈਕਰਾਂ ਨੂੰ ਮਿਲਾਉਣ ਦੀ ਵੀ ਆਸ ਸੀ। ਪਰ ਦੇਸ ਪਰਦੇਸ਼ ਦੇ ਐਡੀਟਰ ਸ਼: ਤਰਸੇਮ ਸਿੰਘ ਪੁਰੇਵਾਲ ਅਨੁਸਾਰ ਜੱਥੇ ਦੇ ਲੋਕਾਂ ਨੂੰ ਬਹੁਤ ਨਿਰਾਸਤਾ ਹੋਈ ਕਿ ਦੋਹਾਂ ਚੋਂ ਕੋਈ ਗੱਲ ਵੀ ਪੂਰੀ ਨਹੀਂ ਕੀਤੀ ਗਈ।

ਸਿਰਫ ਗੁਰਮੇਜ ਸਿੰਘ ਬਬਰ, ਅਜਾਇਬ ਸਿੰਘ ਬਬਰ ਅਤੇ ਭਾਈ ਜਸਵੀਰ ਸਿੰਘ ਨੂੰ ਇਕ ਸਿੰਘ ਸੁਖਦੇਵ ਸਿੰਘ ਤੇ 8-10 ਹੋਰ ਬੰਦਿਆਂ ਨਾਲ ਬਬਰ ਨਾਲ ਮਿਲਾਇਆ ਗਿਆ, ਜਿਨ੍ਹਾਂ ਦੇ ਕਪੜੇ ਵੀ ਪਾਟ ਕੇ ਲੀਰਾਂ ਹੋ ਗਏਸਨ। ਇਸ ਬਾਰੇ ਭਾਈ ਜਸਬੀਰ ਸਿੰਘ ਤੇ ਸਦਰ ਜ਼ਿਆ ਨੂੰ ਗਿਲਾ ਕੀਤਾ ਇਨ੍ਹਾਂ ਲੋਕਾਂ ਦੀ ਇੰਨ੍ਹੀ ਬੁਰੀ ਹਾਲਾਤ ਕਿਉਂ ਹੈ। ਪਾਕਿਸਤਾਨ ਦੇ ਖੁਫੀਆ ਮਹਿਕਮਾ ਨੇ ਇਨ੍ਹਾਂ ਨੂੰ isolate ਕਰਕੇ ਠੰਢਾ ਕੀਤਾ ਹੋਇਆ ਸੀ। ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਉਹ ਪਾਕਸਤਾਨ ਦੇ ਕਿਸ ਜ਼ਿਲੇ ਵਿਚ ਹਨ। ਉਹ ਸਮਝਦੇ ਸਨ ਕਿ ਉਹ ਸਿਆਲਕੋਟ ਦੇ ਨੇੜੇ ਹਨ ਹਾਲਾਂ ਕਿ ਉਹ ਲਾਹੌਰ ਤੇ ਸਿਰਫ 20 ਮੀਲ ਦੂਰ ਸਨ। ਵਰਜਿਤ ਕਰਾਰ ਦਿਤੇ ਗਏ ਇਸ ਇਲਾਕੇ ਵਿਚ ਕਿਸੇ ਹੋਰ ਨੂੰ ਜਾਣ ਦੀ ਕੋਈ ਆਗਿਆ ਨਹੀਂ ਸੀ।

ਗੰਗਾ ਸਿੰਘ ਢਿੱਲੋਂ ਨੇ ਆਪਣੇ ਰਸੂਖ ਨਾਲ ਗੁਰੂ ਨਾਨਕ ਦੀ ਸਮਾਧ ਕਰਤਾਰਪੁਰ ਜਾਣ ਲਈ 5-7 ਬੰਦਿਆਂ ਨੂੰ ਆਗਿਆ ਲੈਕੇ ਦਿਤੀ ਜਿਨ੍ਹਾਂ ਵਿਚ ਐਡੀਟਰ ਦੇਸ ਪ੍ਰਦੇਸ ਵੀ ਸ਼ਾਮਿਲ ਸੀ।

ਦੂਜੇ ਦਿਨ ਇਕ ਹੋਰ ਲੀਡਰ ਸੋਹਣ ਸਿੰਘ ਪਤਾਰਾ ਕਰਤਾਰ ਪੁਰ ਜਾਣ ਲਈ ਤਿੰਨ ਸਿੰਘਾਂ ਨੂੰ ਤਿਆਰ ਕਰੀ ਬੈਠੇ ਸਨ ਕਿ ਸਰਹਦ ਪਾਰ ਕਰਕੇ ਆਏ ਹਜ਼ਾਰਾਂ ਸਿੰਘਾਂ ਨੂੰ ਕਰਤਾਰਪੁਰ ਵਿਖੇ ਉਨ੍ਹਾਂ ਨੂੰ ਮਿਲਾਇਆ ਜਾਵੇਗਾ। ਉਹ ਰੇਲਗੱਡੀ ਰਾਹੀਂ ਕਰਤਾਰਪੁਰ ਨੂੰ ਚਲ ਪਏ। ਨਾਰੋਵਾਲ ਸਟੇਸ਼ਨ ਤੇ ਖੁਫੀਆ ਮਹਿਕਮੇ ਦੇ ਬੰਦਿਆਂ ਨੂੰ ਉਨ੍ਹਾਂ ਨੂੰ ਰਾਹ ਵਿਚ ਹੀ ਬੋਚ ਲਿਆ ਤੇ ਥਾਣੇ ਵਿਚ ਡੱਕ ਦਿਤਾ। ਲੀਡਰ ਪਤਾਰਾ ਸਾਹਿਬ ਅਪਣਾ ਪਾਸਪੋਰਟ ਵੀ ਭੁੱਲ ਆਏ ਸਨ। ਚੰਗੀ ਖਾਸੀ ਪੁੱਛ ਗਿੱਛ ਕਰਕੇ ਵੀ ਉਨ੍ਹਾਂ ਨੂੰ ਛੱਡਿਆ ਨਹੀਂ ਗਿਆ, ਸਗੋਂ ਪਰਦੇਦਾਰ ਜੀਪਾਂ ਵਿਚ ਬਿਠਾ ਕੇ ਕਰਤਾਰਪੁਰ ਲਿਜਾਇਆ ਗਿਆ ਤਾਂ ਕਿ ਉਹ ਬਾਹਰ ਫੌਜੀ ਟਿਕਾਣੇ ਨਾਂ ਦੇਖ ਸਕਣ। ਸੂਰਜ ਡੁੱਬਣ ਸਮੇਂ ਕਰਤਾਰਪੁਰ ਪੁਜੇ। ਪੰਜ ਕੁ ਮਿੰਟ ਗੁਰਦੁਵਾਰੇ ਦੇ ਦਰਸ਼ਨ ਕੀਤੇ ਤੇ ਮੁੜ ਨਾਰੋਵਾਲ ਲਿਆ ਸੁੱਟੇ। ਉਥੇ ਰੇਲਵੇ ਸਟੇਸ਼ਨ ਉਤੇ ਗੱਡੀ ਦੇ ਗਾਰਡ ਦੇ ਸਪੁਰਦ ਕਰ ਦਿਤੇ ਤੇ ਕਿਹਾ, ,,ਇਨ੍ਹਾਂ ਤੋਂ ਟਿਕਟ ਦੇ ਪੈਸੇ ਨਹੀਂ ਲੈਣੇ ਪਰ ਲਾਹੌਰ ਤੋਂ ਉਰੇ ਰਾਹ ਵਿਚ ਉਤਰਨ ਵੀ ਨਹੀਂ ਦੇਣਾ।

ਅਗਲੇ ਦਿਨ ਸ. ਪਤਾਰਾ ਨੇ ਤਰਸੇਮ ਪੁਰੇਵਾਲ ਨੂੰ ਕਿਹਾ, "ਦੋ ਚਾਰ ਹਜ਼ਾਰ ਪੌਂਡ ਸਰਹੱਦ ਪਾਰ ਕਰਕੇ ਆਏ ਸਿੰਘਾਂ ਦੀ ਮੱਦਦ ਲਈ ਚਾਹੀਦੇ ਹਨ। ਅਸੀਂ ਨਾਰੋਵਾਲ ਤੇ ਸਿਆਲਕੋਟ ਖੇਤਰ ਵਿਚ ਦੁਖੀ ਲਿਆਂਦੇ ਕੈਂਪਾਂ ਦੀ ਸੈਰ ਕੀਤੀ ਹੈ। ਸ੍ਰ: ਪਤਾਰਾ ਨੂੰ ਇਹ ਪਤਾ ਨਹੀਂ ਸੀ ਕਿ ਦੂਜੇ ਸਾਥੀਆਂ ਨੇ ਆਪਣੀ ਹੱਡ ਬੀਤੀ ਪੁਰੇਵਾਲ ਨੂੰ ਪਹਿਲੋਂ ਹੀ ਦੱਸ ਦਿਤੀ ਹੈ।

ਰਾਤ ਨੂੰ ਟੈਲੀਫੋਨ ਦੀ ਘੰਟੀ ਵੱਜੀ। ਐਕਟਰ ਰਾਜ ਕੁਮਾਰ ਨੇ ਫੋਨ ਉਠਾਇਆ। ਦੂਜੀ ਤਰਫੋਂ ਆਵਾਜ਼ ਆਈ, "ਕਿਥੋਂ ਬੋਲ ਰਹੇ ਹੋ?"

"ਜਹੱਨੁਮ ਤੋਂ" ਰਾਜ ਕੁਮਾਰ ਨੇ ਕਿਹਾ।


"ਸ਼ੁਕਰੀਆ।" ਦੂਜੀ ਤਰਫੋਂ ਫਿਰ ਆਵਾਜ਼ ਆਈ, "ਮੈਂ ਇਹੀ ਜਾਨਣਾ ਚਾਹੁੰਦਾ ਸੀ ਕਿ ਤੁਹਾਡੇ ਜਿਹਾ ਬਦਤਮੀਜ਼ ਆਦਮੀ ਕਿਤੇ ਸਵਰਗ ਵਿਚ ਤਾਂ ਨਹੀਂ ਪਹੁੰਚ ਗਿਆ।"

Real Plumbing & Electrical Supply
7211 Main St.(at 56th Ave.)
VANCOUVER, B.C. V5X 3J3


● ਸੇਲਜ਼ ਐਂਡ ਸਰਵਿਸ
● ਪਲੰਬਿੰਗ
● ਹੀਟਿੰਗ
● ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
● ਸਰਮਿਕ ਟਾਈਲਜ਼ ਇਨਸਟਾਲੇਸ਼ਨ

Do-It- Yourself
● ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ
Satwinder Reehal ਸਤਵਿੰਦਰ ਰੀਹਲ
Ph. 324 - 7066

NON-SMOKERS & SMOKERS

TOGETHER WE ARE STRONGER
NORTH AMERICAN LIFE
Permanent & Terms Plan
SUDESH KALIA

- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance

Ph. 685-9335

ਪੱਗ ਦੇ ਕਈ ਰੰਗ-ਰੂਪ

□ ਤ੍ਰਿਲੋਕ ਸਿੰਘ

ਭਾਰਤੀ ਸਭਿਆਚਾਰ ਵਿੱਚ ਪੱਗ (ਪੱਗੜੀ) ਦੀ ਬਹੁਤ ਵੱਡੀ ਅਹਿਮੀਅਤ ਹੈ। ਕਿਸੇ ਵੀ ਪੱਖ ਤੋਂ ਲਈਏ, ਪੱਗ ਦੀ ਆਪਣੀ ਹੀ ਸ਼ਾਨ ਹੈ ਅਤੇ ਆਪਣੀ ਹੀ ਅਨੋਖੀ ਕਦਰ-ਕੀਮਤ। ਪਹਿਰਾਵੇ ਪੱਖੋਂ ਸਿਰ ਦਾ ਤਾਜ। ਕਿਸੇ ਦਾ ਵਿਸ਼ਵਾਸ ਪਾਤਰ ਬਣਨ ਲਈ ਲੋਕੀ ਪੱਗ-ਵੱਟ ਮਿੱਤਰ ਬਣਦੇ ਹਨ। ਇਉਂ ਹੀ ਕਿਸੇ ਨੂੰ ਨੀਵਾਂ ਦਿਖਾਉਣ ਦਾ ਕਾਰਗਰ ਤਰੀਕਾ ਹੈ, ਉਸ ਦੀ ਪੱਗ ਨੂੰ ਹੱਥ ਪਾਉਣਾ। ਕਿਸੇ ਨਾਬਰ ਦੀ ਅਧੀਨਗੀ ਮੰਨਣ ਦਾ ਇਸ ਤੋਂ ਵੱਡਾ ਹੋਰ ਕਿਹੜਾ ਸਬੂਤ ਹੋ ਸਕਦੈ ਕਿ ਕਮਜ਼ੋਰ ਆਦਮੀ ਆਪਣੀ ਪੱਗ ਸਕਤੇ ਦੇ ਪੈਰਾਂ ਉਤੇ ਧਰ ਦੇਵੇ।

ਇਸ ਤਰ੍ਹਾਂ ਪੱਗ ਦੇ ਅਨੇਕਾਂ ਹੀ ਰੰਗ-ਰੂਪ ਹਨ - ਸਵੈਮਾਨ, ਸ਼ਾਨ ਅਤੇ ਅਭਿਮਾਨ ਦਿਖਾਉਣ ਦੇ ਅਥਵਾ ਹੀਨਤਾ, ਦੀਨਤਾ ਅਤੇ ਮਸਕੀਨਤਾ ਦੇ ਦਰਜੇ ਹਾਸਲ ਕਰਨ ਲਈ। ਭਾਵੇਂ ਭਾਰਤ ਦੇ ਲੱਖਾਂ ਹਿੰਦੂ - ਮੁਸਲਮਾਨ ਧਾਰਮਿਕ ਅਤੇ ਸਮਾਜਿਕ ਅਕੀਦਿਆਂ ਅਧੀਨ ਪੱਗ ਦੇ ਉਪਾਸ਼ਕ ਹਨ, ਤਾਂ ਵੀ ਪੰਜਾਬ ਦੇ ਸਭਿਆਚਾਰ 'ਚ ਪੱਗ ਦਾ ਬਹੁਤ ਉਚਾ ਦਰਜਾ ਹੈ। ਇਹ ਸਿੱਖੀ ਦਾ ਪਹਿਚਾਣਨਯੋਗ ਚਿੰਨ੍ਹ ਵੀ ਹੈ ਅਤੇ ਸਿੱਖ ਜਗਤ ਦਾ ਤੁਰਦਾ ਫਿਰਦਾ ਨਿਸ਼ਾਨ ਵੀ। ਪੱਗ ਸਬੰਧੀ ਕੁੱਝ ਇਤਿਹਾਸਕ ਟੋਟਕੇ ਦ੍ਰਿਸ਼ਟੀਕੋਚਰ ਹਨ

****

ਪਾਕਿਸਤਾਨ ਵਿੱਚ ਕਰਾਚੀ ਦੇ ਨੇੜੇ ਕੋਹਿਸਤਾਨੀ ਨਿਊਮਰੀਆ ਬਲੋਚਾਂ (ਨੌ ਰਾਜਪੂਤੀ ਬਲੋਚ ਖਾਨਦਾਨ) ਦਾ ਕਿੱਤਾ ਭੇਡਾਂ ਬੱਕਰੀਆਂ ਚਾਰਨਾ ਅਤੇ ਪਸ਼ੂਆਂ ਦੀ ਚੋਰੀ ਕਰਨਾ ਹੈ। ਉਨ੍ਹਾਂ ਦੀਆਂ ਖਾਨਦਾਨੀ ਲੜਾਈਆਂ ਅਤੇ ਆਪਸੀ ਕਤਲੋਗਾਰਤ ਸੰਸਾਰ ਭਰ ਵਿੱਚ ਮਸ਼ਹੂਰ ਹਨ। ਇਨ੍ਹਾਂ ਕਤਲਾਂ ਦਾ ਮੁੱਢ ਕੇਵਲ ਪੱਗ ਦੀ ਹੱਤਕ ਤੋਂ ਸ਼ੁਰੂ ਹੁੰਦਾ ਅਤੇ ਫਿਰ ਤਬਾਹੀ ਹੀ ਤਬਾਹੀ। ਪਹਿਲਾਂ ਅਦਲਾ ਤੇ ਫਿਰ ਬਦਲਾ। ਇਸ ਤਰ੍ਹਾਂ ਖਾਨਦਾਨਾਂ ਦੇ ਖਾਨਦਾਨ ਨੇਸਤ-ਓ-ਨਾਬੂਦ ਹੋ ਜਾਂਦੇ ਹਨ।

ਅਸਲੀਅਤ ਇਹ ਹੈ ਕਿ ਸਮਾਜਿਕ ਦਰਜੇ ਵਿੱਚ ਦਰਮਿਆਨੀ ਥਾਂ ਰੱਖਣ ਵਾਲੇ ਇਹ ਬਲੋਚ ਪੱਗ ਦੀ ਹੱਤਕ ਬਰਦਾਸ਼ਤ ਨਹੀਂ ਕਰ ਸਕਦੇ, ਗਾਲ-ਗੁਫਤਾਰ, ਧੱਫਾ-ਮੁੱਕੀ, ਘਸੁੰਨ-ਛੁਰਾ ਕਿਤਨਾ ਹੀ ਚੱਲੇ, ਇਸ ਦਾ ਇਨ੍ਹਾਂ ਨੂੰ ਕੋਈ ਡਰ ਨਹੀਂ, ਡਾਂਗ ਅਤੇ ਸੋਟੇ ਦੀ ਸੱਟ ਦਾ ਵੀ ਇਨ੍ਹਾਂ ਨੂੰ ਸੰਸਾ ਨਹੀਂ। ਪਰੰਤੂ ਜਦੋਂ ਹੀ ਇੱਕ ਦੇ ਹੱਥੋਂ ਦੂਜੇ ਦੀ ਤੁਰੇਦਾਰ ਪੱਗ ਸਿਰ ਤੋਂ ਲੱਥਦੀ ਹੈ, ਤਾਂ ਅਣਖੀ ਬਲੋਚਾਂ ਦੇ ਕਰੋਧ ਦੀ ਅੱਗ ਐਨੀ ਭੜਕਦੀ ਹੈ ਕਿ ਦੂਜੀ ਧਿਰ ਦਾ ਖਹਿੜਾ ਉਦੋਂ ਹੀ ਛੁੱਟਦਾ ਹੈ, ਜਦੋਂ ਮੈਦਾਨ ਵਿੱਚ ਇੱਕ ਧਿਰ ਹੀ ਰਹਿ ਜਾਵੇ। 'ਪੱਗ ਦੀ ਹੱਤਕ ਦਾ ਬਦਲਾ ਖੂਨ।' ਭਾਈਚਾਰੇ ਵੱਲੋਂ ਕੀਤੀ ਮਿੰਨਤ-ਸਮਾਜਤ, ਕਸੂਰਵਾਰ ਨੂੰ ਭਾਰੀ ਜੁਰਮਾਨੇ ਜਾਂ ਧੀਆਂ ਦੇ ਕੇ ਪੱਗ ਦੀ ਹੱਤਕ ਦਾ ਬਦਲਾ ਚੁਕਾਉਣ ਨੂੰ ਉਹ ਲੋਕ ਸਹੀ ਇਨਸਾਫ ਨਹੀਂ ਗਿਣਦੇ। ਉਹ ਕਿਸੇ ਅਦਾਲਤ ਦੇ ਇਨਸਾਫ ਵੱਲ ਨਹੀਂ ਝਾਕਦੇ।

****

ਅਕਬਰ ਦੇ ਸਮੇਂ ਫਰੀਦਕੋਟ ਦੀ ਸਰਦਾਰੀ ਬਰਾੜ ਵੰਸ਼ ਦੇ ਸਰਦਾਰ ਭੱਲਣ ਪਾਸ ਸੀ। ਉਹ ਅਕਬਰ ਦਾ ਗੂੜ੍ਹਾ ਮਿੱਤਰ ਸੀ। ਓਧਰ ਸਿਰਸੇ ਦੇ ਇਲਾਕੇ ਦਾ ਚੌਧਰੀ ਮਨਸੂਰ ਸੀ। ਇਨ੍ਹਾਂ ਦੋਹਾਂ ਦਾ ਆਪਸ ਵਿੱਚ ਖੜਕੀ ਰਹਿੰਦੀ ਸੀ। ਸਰਦਾਰੀ ਦਾ ਵੀ ਝਗੜਾ ਰਹਿੰਦਾ ਸੀ। ਇੱਕ ਵੇਰ ਅਕਬਰ ਨੇ ਦੋਹਾਂ ਨੂੰ ਆਪਣੇ ਕੋਲ ਸੱਦਿਆ ਤੇ ਚੌਧਰ ਦਾ ਸਰੋਪਾ (ਪੱਗ) ਮਨਸੂਰ ਨੂੰ ਦੇ ਦਿੱਤਾ। ਅੱਗੋਂ ਮਨਸੂਰ ਦਰਬਾਰ ਦੇ ਵਿੱਚ ਹੀ ਭੱਲਣ ਦੇ ਸਾਹਮਣੇ ਖੜ੍ਹੋ ਕੇ ਸਿਰੋਪੇ ਨੂੰ ਆਪਣੇ ਸਿਰ 'ਤੇ ਬੰਨ੍ਹਣ ਲੱਗ ਪਿਆ। ਇਹ ਗੱਲ ਭੱਲਣ ਤੋਂ ਸਹਾਰੀ ਨਾ ਗਈ ਅਤੇ ਇਹ ਉਡੀਕੇ ਬਿਨਾਂ ਕਿ ਅਕਬਰ ਉਸ ਨਾਲ ਸਰੋਪੇ ਸਬੰਧੀ ਕੀ ਸਲੂਕ ਕਰਦਾ ਹੈ, ਉਹ ਆਪਣੀ ਥਾਂ ਤੋਂ ਉਠਿਆ ਅਤੇ ਮਨਸੂਰ ਦੇ ਸਿਰ ਤੋਂ ਚੀਰਾ ਲਾਹ ਕੇ ਉਸ 'ਚੋਂ ਅੱਧਾ ਪਾੜ ਲਿਆ ਅਤੇ ਸਿਰ ਉਤੇ ਬੰਨ੍ਹ ਲਿਆ। ਜਦੋਂ ਅਕਬਰ ਨੇ ਇਹ ਤਮਾਸ਼ਾ ਦੇਖਿਆ ਕਿ ਉਸ ਵੱਲੋਂ ਬਖਸ਼ੀ ਹੋਈ ਪੱਗ ਤਾਂ ਦੋ ਸਿਰਾਂ ਉਤੇ ਬੱਝ ਗਈ ਹੈ ਤਾਂ ਉਸ ਨੇ ਹੱਸ ਕੇ ਇਲਾਕੇ ਦੀ ਚੌਧਰ ਵੀ ਦੋ ਬਰਾਬਰ ਹਿੱਸਿਆਂ ਵਿੱਚ ਵੰਡ ਦਿੱਤੀ। ਉਦੋਂ ਤੋਂ ਹੀ ਭੱਲਣ ਦੀ ਬਹਾਦਰੀ ਦੀ ਵਾਰ ਤੁਰ ਪਈ।

'ਭੱਲਣ ਚੀਰਾ ਪਾੜਿਆ'
ਅਕਬਰ ਦੇ ਦਰਬਾਰ।

****

ਜਦੋਂ 1739 ਈਸਵੀ ਵਿੱਚ ਨਾਦਰਸ਼ਾਹ ਨੇ ਭਾਰਤ ਉਤੇ ਹਮਲਾ ਕੀਤਾ ਤਾਂ ਕੋਹਿਨੂਰ ਹੀਰਾ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਕੋਲ ਸੀ। ਨਾਦਰਸ਼ਾਹ ਨੂੰ ਹੀਰੇ ਦਾ ਤਾਂ ਪਤਾ ਸੀ ਜਦੋਂ ਖਜ਼ਾਨੇ ਵਿੱਚੋਂ ਹੀਰਾ ਨਾ ਮਿਲਿਆ ਤਾਂ ਉਸ ਨੇ ਇਸ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਅੰਤ ਮੁਗਲ ਬਾਦਸ਼ਾਹ ਦੇ ਜ਼ਨਾਨਖਾਨੇ ਦੀ ਇੱਕ ਔਰਤ ਨੇ ਨਾਦਰ ਨੂੰ ਇਹ ਭੇਤ ਦੇ ਦਿੱਤਾ ਕਿ ਕੋਹਿਨੂਰ ਮੁਹੰਮਦ ਸ਼ਾਹ ਦੀ ਪੱਗ ਵਿੱਚ ਰੱਖਿਆ ਹੁੰਦਾ ਹੈ। ਇਸ ਉਤੇ ਨਾਦਰ ਸ਼ਾਹ ਨੇ ਆਪਣੀ ਪੱਗ ਬਾਦਸ਼ਾਹ ਨਾਲ ਵਟਾਉਣ ਦੀ ਵਿਉਂਤ ਸੋਚੀ। ਉਸ ਨੇ ਲਾਲ ਕਿਲੇ ਵਿੱਚ ਸ਼ਾਹੀ ਦਰਬਾਰ ਲਾਇਆ ਅਤੇ ਇਸ ਵਿੱਚ ਮੁਹੰਮਦ ਸ਼ਾਹ ਨੂੰ ਮੁੜ ਤਖਤ ਉਤੇ ਬਿਠਾਉਣ ਦਾ ਐਲਾਨ ਕਰ ਦਿੱਤਾ ਅਤੇ ਨਾਲ ਦੀ ਨਾਲ ਹੀ ਇਹ ਐਲਾਨ ਕਿ "ਅੱਜ ਤੋਂ ਮੈਂ ਇਸ ਦਾ ਪੱਗ ਵੱਟ ਭਾਈ ਹਾਂ।" ਮੁਹੰਮਦ ਸ਼ਾਹ ਰੰਗੀਲਾ ਹੈਰਾਨ ਸੀ। ਪ੍ਰੰਤੂ ਨਾਦਰਸ਼ਾਹ ਨੇ ਫੁਰਤੀ ਨਾਲ ਮੁਹੰਮਤ ਸ਼ਾਹ ਨੂੰ ਆਪਣੇ ਗਲ ਨਾਲ ਲਾਇਆ ਅਤੇ ਆਪਣੇ ਤਾਜ ਵਾਲੀ ਪੱਗ ਬਾਦਸ਼ਾਹ ਦੇ ਸਿਰ 'ਤੇ ਰੱਖ ਕੇ ਉਸ ਦੀ ਪੱਗ ਅਤੇ ਕੋਹਿਨੂਰ ਹੀਰਾ ਆਪਣੇ ਕਬਜ਼ੇ ਵਿੱਚ ਕਰ ਲਏ। ਨਾਦਰ ਨੇ ਪੱਗਾਵਟ ਭਾਈ ਹੋ ਕੇ ਬਾਦਸ਼ਾਹ ਨੂੰ ਸਰ੍ਹੇ-ਦਰਬਾਰ ਲੁੱਟ ਲਿਆ। ਅੱਜ ਵੀ ਮਿਲਦੇ ਹਨ ਕਈ ਇਸ ਤਰ੍ਹਾਂ ਦੇ ਮਿੱਤਰ।

****

ਇੱਕ ਪੁਰਾਤਨ ਕਥਾ ਹੈ ਕਿ ਕਿਸੇ ਹਾਕਮ ਪਾਸ ਜੁਲਾਹੇ ਅਤੇ ਜੱਟ ਦਾ ਮੁਕੱਦਮਾ ਚਲਦਾ ਸੀ। ਜੁਲਾਹੇ ਨੇ ਸੋਚਿਆ ਕਿ ਹਾਕਮ ਨੂੰ ਰਿਝਾ ਕੇ ਮੁਕੱਦਮੇ ਦਾ ਫੈਸਲਾ ਆਪਣੇ ਹੱਕ ਵਿੱਚ ਕਰਵਾ ਲਿਆ ਜਾਏ ਤਾਂ ਚੰਗਾ ਹੈ। ਤੇ ਉਸ ਨੇ ਆਪਣੇ ਹੱਥੀਂ ਖੱਡੀ ਤੇ ਬੁਣੀ ਬਹੁਤ ਹੀ ਬਰੀਕ ਮਲਮਲ ਦੀ ਪੱਗ ਹਾਕਮ ਦੇ ਘਰ ਭੇਜ ਦਿੱਤੀ। ਹਾਕਮ ਖੁਸ਼ ਹੋ ਗਿਆ। ਉਸ ਨੇ ਜੁਲਾਹੇ ਨੂੰ ਸੰਕੇਤ ਦਿੱਤਾ ਕਿ ਉਹ "ਬੇਫਿਕਰ" ਰਹੇ। ਏਧਰ ਜੱਟ ਦੇ ਦਿਮਾਗ ਨੇ ਵੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਨੂੰ ਨਗੌਰੀ ਨਸਲ ਦਾ ਪਿਆਰ ਨਾਲ ਪਾਲਿਆ ਹੋਇਆ ਵਹਿੜਕਾ ਹਾਕਮ ਦੇ ਘਰੇ ਭੇਜ ਦਿੱਤਾ। ਹਾਕਮ ਨੇ ਜੱਟ ਨੂੰ ਵੀ ਨਿਸਚਿੰਤ ਰਹਿਣ ਲਈ ਕਹਿ ਦਿੱਤਾ। ਅਖੀਰ ਫੈਸਲੇ ਦੀ ਤਰੀਕ ਆ ਗਈ ਅਤੇ ਫੈਸਲਾ ਜੱਟ ਦੇ ਹੱਕ ਵਿੱਚ। ਜੁਲਾਹਾ ਬੜਾ ਹੈਰਾਨ ਸੀ। ਪਰ ਕੀ ਕਰ ਸਕਦਾ ਸੀ? ਰੋਣਹਾਕਾ ਹੋ ਕੇ ਅਫਸਰ ਦੇ ਸਾਹਮਣੇ ਹੋ ਸਿਰ ਦੀ ਪੱਗ ਨੂੰ ਦੋਵਾਂ ਹੱਥਾਂ ਵਿੱਚ ਫੜ ਕੇ ਕੂਕਿਆ, "ਹਜ਼ੂਰ! ਮੇਰੀ ਪੱਗ ਦਾ ਕੋਈ ਖਿਆਲ ਨਹੀਂ ਰੱਖਿਆ?" ਹਾਕਮ ਨੇ ਗੱਲ ਨੂੰ ਸਮਝ ਲਿਆ ਅਤੇ ਇਸ ਦਾ ਉਤਰ ਭੀ ਭੇਦ ਨਾਲ ਸਮਝਾ ਦਿੱਤਾ "ਤੇਰੀ ਪੱਗ ਨੂੰ ਤਾਂ ਵਹਿੜਕਾ ਖਾ ਗਿਐ।" ਜੁਲਾਹੇ ਨੇ ਵੀ ਗੱਲ ਸਮਝ ਲਈ ਤੇ ਸਬਰ ਕਰ ਲਿਆ।

"ਟੱਪੇ"

ਮੁਹਿੰਦਰ ਸੂਮਲ ਵੈਨਕੂਵਰ

ਕੁੱਝ ਟੁੱਟੀਆਂ ਵੰਗਾਂ ਨੇ
ਸੂਲੀ ਤੇ ਟੰਗ ਛੱਡਿਆ
ਇਨ੍ਹਾਂ ਨਸਲੀ ਰੰਗਾਂ ਨੇ

ਤਨ ਸਾਡਾ ਤੰਦੂਰ ਜਿਹਾ
ਮਾਏ ਨੀ ਤੇਰਾ ਚੰਨ ਮੁੱਖੜਾ
ਭਾਵੇਂ ਵਤਨ ਏ ਦੂਰ ਰਿਹਾ

ਮਾਂ ਧਰਤੀ ਤੇ ਹਨੇਰੀ ਝੁਲੀ
ਦਿਲੀਏ ਨੀ ਖੈਰ ਕਰੀਂ
ਸਾਡੇ ਬਾਬਲ ਤੇ ਮੇਹਰ ਕਰੀਂ

ਇਹ ਜੰਗ ਹੈ ਭਰਾਵਾਂ ਦੀ
ਭੈਣਾਂ ਨੂੰ ਦਰਦ ਬੜਾ
ਹਿੱਕ ਬਲਦੀ ਏ ਮਾਵਾਂ ਦੀ

ਪਿੰਡਾ ਗੀਤਾਂ ਦਾ ਤਪਸ਼ ਜਿਹਾ
ਧਰਤੀ ਮਾਂ ਨੈਣ ਭਰੇ
ਦਿਲ ਹੋਇਆ ਏ ਜ਼ਖਮੀ ਜਿਹਾ

ਮੇਰੇ ਹੱਥ ਵਿਚ ਕਾਨੀਂ ਏ
ਦਿਲੀਏ ਨੀਂ ਮੇਹਰ ਕਰੀਂ
ਮੇਰਾ ਵੀਰ ਨਿਸ਼ਾਨੀ ਏ

ਡੂੰਘੇ ਸਾਗਰ ਜ਼ੁਲਮਾਂ ਦੇ
ਸੂਲੀ ਤੇ ਗੀਤ ਟੰਗੀ
ਸਿਰ ਝੁਕਣੇ ਨਹੀਂ ਕਲਮਾਂ ਦੇ

ਗਲਾ ਘੁੱਟਿਆ ਸ਼ਰਾਫਤ ਦਾ
ਜੰਗਬਾਜ਼ੋ ਸ਼ਰਮ ਕਰੋ
ਬਾਜ਼ ਬਾਜ਼ੋ ਨਾ ਆਫਤ ਦਾ

ਤੇਰਾ ਮੰਜ਼ਿਲ ਤੇ ਪਹੁੰਚ ਜਾਣਾ ਵੀ,
ਕਿਸੇ ਰਹਿਬਰ ਦੀ ਚਾਲ ਏ ਸਜਣਾ।
ਰੂਪ ਦਿਤਾ, ਵਫਾ ਨਹੀਂ ਦਿਤੀ,
ਰੱਬ ਕੇਡਾ ਕੰਗਾਲ ਏ ਸਜਣਾ।

ਹਮਾਰੀ ਭੀ ਜੈ ਜੈ

ਤੁਮ ਨੇ ਕਹਾ ਲੁਧਿਹਾਨੇ ਮੇਂ ਜਾ ਕਰ
ਕਿ ਸਿਖ ਬੇਵਫਾ ਹੈਂ — ਤੁਮਾਰੀ ਭੀ ਜੈ ਜੈ।

ਹਮ ਨੇ ਸੁਨਾ ਬੇਸ਼ਰਮ ਹੋ ਕੇ ਸ਼ਭ ਕੁਛ
ਕਿ ਹਮ ਬੇਹਿਯਾ ਹੈਂ — ਹਮਾਰੀ ਭੀ ਜੈ ਜੈ।

ਤੁਮ ਨੇ ਹਮਾਰੇ ਅਕਾਲੀ ਖਰੀਦੇ
ਵਜ਼ਾਰਤ ਕੋ ਤੋੜਾ — ਤੁਮਾਰੀ ਭੀ ਜੈ ਜੈ।

ਹਮ ਨੇ ਭੀ ਇਕ ਮੋਰਚਾ ਛੇੜ ਕਰ —
ਤੇਰਾ ਪੀਛਾ ਨਾ ਛੋੜਾ — ਹਮਾਰੀ ਭੀ ਜੈ ਜੈ।

ਤੁਮ ਨੇ ਭੀ ਦਿੱਲੀ ਕੇ ਗੁਰਧਾਮ ਪਰ
ਕੁਛ ਮਛੰਦਰ ਬਿਠਾਏ — ਤੁਮਾਰੀ ਭੀ ਜੈ ਜੈ।

ਹਮਾਰੇ ਭੀ ਜਗਜੀਤ ਸਿੰਘ ਨੇ ਤੁਮਾਰੇ —
ਹੈਂ ਛੱਕੇ ਛੁੜਾਏ — ਹਮਾਰੀ ਭੀ ਜੈ ਜੈ।

ਤੁਮ ਨੇ ਹਮਾਰੇ ਵਜ਼ੀਰੋਂ ਪਹਿ 'ਦਵੇ'
ਕਮਿਸ਼ਨ ਬਿਠਾਇਆ — ਤੁਮਾਰੀ ਭੀ ਜੈ ਜੈ।

ਹਮ ਨੇ ਬਾਈਕਾਟ ਕਾ ਏਕ ਤਕੜਾ
ਅੜੰਗਾ ਲਗਾਇਆ — ਹਮਾਰੀ ਭੀ ਜੈ ਜੈ।

ਹੈਂ ਜਬ ਤਕ ਤੇਰੇ ਸਾਥ 'ਜੱਗੂ' ਹਰੀਜਨ
ਹਰੇ ਰਾਮ ਕੋਈ — ਤੁਮਾਰੀ ਭੀ ਜੈ ਜੈ।

ਬਨੇ 'ਨਾਥ' ਹੈਂ ਗੁਰਦੁਵਾਰੋਂ ਕੇ ਜਬ ਤਕ
ਹੈ ਕੌਮ ਅਪਨੀ ਸੋਈ — ਹਮਾਰੀ ਭੀ ਜੈ ਜੈ।

— ਨਾਥ

ਛੋਟੀ ਕਰਸੀ ਵੱਡੀ ਕੁਰਸੀ

ਸ੍ਰੀਮਤੀ ਮੇਨਕਾ ਗਾਂਧੀ ਨੇ ਫਿਲਮ ਅਭਿਨੇਤਰੀ ਵਿਜੰਤੀ ਮਾਲਾ ਨੂੰ ਵਧਾਈ ਦੀ ਚਿੱਠੀ ਲਿਖਦਿਆਂ ਦਿਲ ਦੀਆਂ ਡੂੰਘਿਆਈਆਂ ਵਿਚੋਂ ਵਿਜੰਤੀ ਦੇ ਉਸ ਪ੍ਰੋਗਰਾਮ ਤੇ ਪ੍ਰਣ ਦੀ ਸ਼ਲਾਘਾ ਕੀਤੀ ਹੈ, ਜਿਸ ਵਿਚ ਵਿਜੰਤੀ ਮਾਲਾ ਨੇ ਕਿਹਾ ਸੀ ਕਿ ਮੈਂ ਹੁਣ ਇਸਤਰੀ ਸੰਸਾਰ ਦੇ ਹੱਕਾਂ ਲਈ ਲੜਾਂਗੀ।

ਮੇਨਕਾ ਜੀ ਨੇ ਅੱਗੇ ਚੱਲ ਕੇ ਲਿਖਿਆ ਹੈ, "ਜੇ ਤੂੰ ਮੇਰੇ ਇਕੱਲੀ ਨਾਲ ਇਨਸਾਫ ਕਰਵਾ ਦੇਵੇਂ ਤਾਂ ਮੈਂ ਸਮਝਾਂਗੀ ਕਿ ਤੂੰ ਦੇਸ਼ ਭਰ ਦੀਆਂ ਇਸਤਰੀਆਂ ਦੀ ਨੇਤਾ ਹੈਂ। ਮੇਰੇ ਜੇਠ ਨੇ ਮੇਰੇ ਕੋਲੋਂ ਮੇਰੇ ਪਤੀ ਦੀ ਅਮੇਠੀ ਵਾਲੀ ਸੀਟ ਜਬਰੀ ਖੋਹ ਲਈ ਹੈ। ਉਹ ਤੇਰਾ ਆਖਿਆ ਨਹੀਂ ਮੋੜ ਸਕਦਾ। ਤੂੰ ਰਾਜੀਵ ਜੀ ਨੂੰ ਇਸ ਗੱਲ ਲਈ ਮਨਵਾ ਲੈ ਕਿ ਉਹ ਅਮੇਠੀ ਦੀ ਕੁਰਸੀ ਮੇਰੇ ਹਵਾਲੇ ਕਰ ਦੇਵੇ। ਪ੍ਰਧਾਨ ਮੰਤਰੀ ਵਾਲੀ ਕੁਰਸੀ ਦਾ ਕੋਈ ਰੋਲਾ ਨਹੀਂ।"

-ਚਾਚਾ ਚੰਡੀਗੜ੍ਹੀਆ

ਭਾਰਤ ਜਾਣ ਦੀ ਤਿਆਰੀ ਹੈ?
East West Travel Ltd.
ਹਵਾਈ ਟਿਕਟਾਂ
ਸਾਥੋਂ ਹਰ ਏਅਰਲਾਈਨ ਦੀਆਂ
ਹਵਾਈ ਟਿਕਟਾਂ ਮਿਲਦੀਆਂ ਹਨ।

Special for India, Pakistan, Fiji and West Indies.
Mike Brar
ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।
ਮਲਕੀਤ ਬਰਾੜ ਨੂੰ ਫ਼ੋਨ ਕਰੋ
Ph.(403)235-3661
#206-3517, 17 Ave. S.E. Calgary, Alta
T2A 0R5

KAVITA JEWLLERS
Specializing in 22K Jewellery.
Custom made Jewellery
We do all kind of repair work.
ਕਵਿਤਾ ਜਿਉਲਰਜ਼

ਨਵੇਂ ਨਵੇਂ ਡਿਜ਼ਾਇਨਾਂ ਵਿਚ ਗਹਿਣੇ ਬਣਾਉਣ ਲਈ ਕਵਿਤਾ ਜਿਉਲਰਜ਼ ਤੇ ਆਓ। ਤੁਸੀਂ ਆਪਣਾ ਸੋਨਾ ਲੈ ਕੇ ਆਓ ਜਾਂ ਸਾਥੋਂ ਖਰੀਦੋ ਜਾਂ ਪੁਰਾਣੇ ਗਹਿਣਿਆਂ ਨੂੰ ਤੁੜਵਾ ਕੇ ਨਵੇਂ ਗਹਿਣੇ ਬਣਵਾਓ। ਅਸੀਂ ਸੋਨੇ ਦੀ ਕਾਟ ਬਹੁਤ ਵਾਜਬ ਲਾਵਾਂਗੇ।
ਇਕ ਵਾਰੀ ਸਾਨੂੰ ਸੇਵਾ ਦਾ ਮੌਕਾ ਦਿਓ।
Contact:
Sukhvinder (Sunny) Prop.
Bus: 875-0611 Res: 324-4897
4183 Fraser St., Vancouver, B.C. V5V 4G1

Panjabi Guide No. 1
(ਪੰਜਾਬੀ ਗਾਈਡ ਨੰਬਰ 1)
ਛਪ ਕੇ ਤਿਆਰ ਹੋ ਗਈ
4 ਸਾਲ ਤੋਂ 8 ਸਾਲ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਾਓ
ਕੀਮਤ ਕੇਵਲ 5 ਡਾਲਰ
Panjabi Guide No. 2
ਇਹ ਵਰਕ-ਬੁੱਕ ਉਨ੍ਹਾਂ ਲਈ ਹੈ ਜੋ ਅੰਗਰੇਜ਼ੀ ਜਾਣਦੇ ਹਨ ਤੇ ਪੰਜਾਬੀ ਸਿਖਣਾ ਚਾਹੁੰਦੇ ਹਨ।
ਕੀਮਤ ਕੇਵਲ 10 ਡਾਲਰ
ਪੰਜਾਬੀ ਪ੍ਰੇਮੀਆਂ ਲਈ ਅਦੁੱਤੀ ਤੋਹਫਾ - ਅੱਜ ਹੀ ਹੇਠ ਲਿਖੇ ਪਤੇ ਤੇ ਦੋਵਾਂ ਗਾਈਡਾਂ ਲਈ ਲਿਖੋ :—
Kesar Singh
13487 - 98 A Ave.
Surrey, B.C. CANADA V3T 1C7
(604)581-3185

The November events and after

By PATWANT SINGH

If October ended in a trauma, November awoke to events which even by the standards of a savaged sub-continent, have no parallel. The blood-letting across India — and most of all in Delhi, the epicentre — was the visible face of what happened. No less notable was the planning which obviously went into it. It couldn't have taken place at an insignificant level since the implementation of the plan required violence to get under way in several cities with no early interference by the law enforcement agencies.

Instead of a careful assessment of the long-term implications of this planned violence against the Sikhs, there is evidence of ill-advised attempts to justify and gloss over it. These attempts are unbecoming and the country might have to pay a heavy price by ignoring the consequences of this violence.

Act of folly

If an act of murderous folly, the Sikhs now feel, is seen as sufficient reason to saction reprisals against the entire community, then it is time for them to seriously reconsider their future in the country. We would be lacking in good sense not to face the fact that in light of the orchestrated violence against them, most Sikhs now wonder whether there is a place for them and their religion outside of Punjab. Since their decision with regard to their future is of grave importance to the country, statesmanship of an exceptionally high order is necessary to prevent the future of the Republic from being placed in jeopardy. It will be unwise to assume that the three million Sikhs in the rest of India can be kept away from Punjab if they are convinced they cannot live with dignity outside the State. The pride and self-esteem of a virile people are not easily extinguished. Certainly not by unjust laws and armed force. It would be a mistake to underestimate this fact.

If and when embittered refugees from Delhi and elsewhere, narrate their horrors to their kin in Punjab, it will not be easy to counter the inrrevocable support of both to the creation of a seperate Sikh homeland, notwithstanding the wide powers of the army and the police in the State. As this could happen sooner than most people realise, the need to restore the Sikh confidence is now.

No responsible Sikh leader in India has ever voiced a demand for Khalistan. But even moderate Sikhs find unacceptable the idea that the entire community can be held hostage at black deed by a few. Unless this sanction to undermine the Sikhs — which some sections of the public appear to feel they have - is withdrawn, and ironclad steps taken to safeguard Sikh properties and lives, there will be increasing doubt in their minds regarding their future especially if the State cannot guarantee even their physical security.

If the Nation's social, political and intellectual leadership is unable to understand the ramifications of the Sikh dilemma soon, it will stand indicted by those who will doubtless chronicle in the years ahead this fateful period in Indian history.

How can the Sikhs be reassured? In several ways. The foremost being by punishing all politicians and officials who led and directed the mobs against them. No move has been made so far — even a month after the events — to bring these men to trial. Some are standing for parliamentary seats from Delhi, instead of standing in the dock in a criminal court. It is odd that a handful of undesirable elements are considered more important than millions of energetic, productive and progressive people.

In any event it is not very wise to cover up crimes, since emboldened criminals are known to savage their own benefactors. The direction of crime also is liable to change. Encouraging hoodlums to take the law in their hands is a hazardous under-taking at best, because it is entirely possible that with Sikhs no longer on the scene the mobs, their appetites whetted by loot and blood-letting, will attack other unwary groups just as thousands of innocent Sikhs were caught unprepared because of their belief that being an integral part of the country's social fabric they were in no danger.

The second step is to ensure that the infamous deeds of November are not repeated again. It can serve Mr. Rajiv Gandhi no purpose to sully his record by allowing criminals to take to the streets once more, at a time when eyes of the world are on India.

A spin-off of recent events, fraught with danger, is that the Sikhs are by all accounts in no mood to be at the receiving end again.

It is incumbent on the national leadership to take a sober view o f the situation. Multi-ethnic and multi-religious democracies cannot afford the luxury of partisanship. It is time for New Delhi to provide proof of its resolve to rise above partisan politics.

The third step the Government could take is to release the Akali leaders, imprisoned since June. It is an inflattering reflection on our democratic pretensions if unjust laws are used to prevent the participation by all in the democratic process. Some persons of distinction, including P. V. Haksar, N. A. Palkhivala, Kamladevi Chattopadhyaya and Cho Ramaswamy had in September expressed their concern at the continued detention of the Akalis. "If the Akalis are not freed," they had stressed in a joint statement, "and a political settlement of outstanding issues in Punjab is not reached soon, the country might well have to pay a terrible price in the time ahead."

These words were tragically prophetic. The present situation — in the aftermath of Mrs. Gandhi's assassination and the carnage which followed it — is even more ominous than after Operation Bluestar. Despite what his advisers tell him, the Prime Minister has to assess this for himself.

If Mr. Gandhi feels that the release of the Akalis — especially those against whom there are no specific charges — will bring the troubled state closer to political normalcy he will not be seen as abandoning a policy. The jailing of political opponents must never become a policy of elected governments.

Wrong propaganda

The Akalis are not the country's enemies. They belong to it. They have always been a part of its social and political mainstream. By unloading a relentless barrage of propaganda against them, which continues to this day, the country has been made to see them as secessionists, communalists and extremists. Their concern for their religion and its symbols is shown as an affront to other people's sensibilities. As if India is a tightly-ruled little mono-theistic republic with no place for other faiths and beliefs. And finally, the Anandpur Sahib resolution is interpreted as an altogether dreadful document of intrigue and sedition.

In real life none of it is true. The Akalis have consistently opposed attempts to subvert the Constitution. Neither Sant Harchand Singh Longowal nor Parkash Singh Badal nor Surjit Singh Barnala has talked of secession or against communal amity. The Anandpur Sahib resolution was a working paper — it still is. It was the basis for negotiations, and negotiations imply discussions to arrive at mutually acceptable agreements. Since the door for negotiating Punjab's problems is still open. New Delhi should use it. Enough blood has been shed over Punjab, its economy is close to being crippled, and the traditional amity between the Hindus and Sikhs lies in tatters. These are compulsions enough which call for bold and decisive solutions.

Mr. Gandhi can get off to a good start through a just handling of the Sikh problem. If he handles it himself, and handles it wisely, he will not only reassure the Sikhs and restore stability to the country, he will have taken a giant step forward in the world's most challenging political job.

(Courtesy: INDIAN EXPRESS)

ਤੇਰੇ ਬਾਝੋਂ ਕਿਸ ਨੂੰ ਆਪਣੇ ਦਿਲ ਦਾ ਹਾਲ ਸੁਣਾਵਾਂ ?
ਜੀ ਕਰਦਾ ਏ ਵਿਚੋ-ਵਿਚੀ ਡੀਕ ਗ਼ਮਾਂ ਨੂੰ ਜਾਵਾਂ ।
ਮਾਵਾਂ ਵਾਂਗੂ ਗੋਦੀ ਲੈ ਹੁਣ ਕਿਸੇ ਨਾ ਪੂੰਝਣੇ ਹੰਝੂ,
ਓਦਰੇ ਓਦਰੇ ਮੌਸਮ ਵਿਚ ਮੈਂ ਕਿਸ ਦੇ ਗਲ ਲਗ ਜਾਵਾਂ ?

TICKETS TO ANYWHERE
GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ
ਹਮੇਸ਼ਾਂ ਸਾਨੂੰ ਯਾਦ ਕਰੋ । ਅਸੀਂ ਵਾਜਬ ਕਿਰਾਏ
ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ ।

6612, MAIN ST.
VANCOUVER, B. C.
PHONE: 324-3336

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (Fareedkot)

ASSURING BRIGHT FINANCIAL FUTURES
NORTH AMERICAN LIFE

NORTH AMERICAN LIFE ASSURANCE COMPANY



Darshan Gill, M.A.

representative

320, 815 West Hastings St.
Vancouver, B.C. V6C 2W1
Bus. 685-9335
Res. 321-6360

ਫਿਲਮਦਰਪਣ

ਰਾਜੇਸ਼ ਖੰਨਾ ਤੇ ਸ਼ਲਮਾ ਆਗਾ ਫਿਲਮ 'ਊਂਚੇ ਲੋਗ' ਵਿਚ।



ਰਾਜੇਸ਼ ਖੰਨਾ

ਪਿਛੇ ਜਿਹੇ ਸੰਜੀਵ ਕੁਮਾਰ ਮਿਲਿਆ। ਨਾਲ ਸੀ ਧੀਰਜ ਕੁਮਾਰ। ਦੋਵੇਂ ਇੰਪੋਰਟੇਡ ਵਿਸਕੀ ਪੀ ਰਹੇ ਸਨ। ਜੋ ਧੀਰਜ ਦੀ 'ਏਅਰ ਹੋਸਟੈਸ' ਬੀਵੀ ਵਿਦੇਸ਼ਾਂ ਤੋਂ ਲਿਆਂਦੀ ਹੈ। ਤੇ ਬਦਲੇ ਵਿਚ ਸੰਜੀਵ ਧੀਰਜ ਕੁਮਾਰ ਨੂੰ ਫਿਲਮਾਂ ਵਿਚ ਆਪਣੇ ਨਾਲ ਰੋਲ ਦਿਵਾ ਦੇਂਦਾ ਹੈ।

ਹੋਟਲ ਸੀਜ਼ਰ ਪੈਲਸ ਵਿਚ ਸੰਜੀਵ ਨੇ ਮੰਨਿਆ ਕਿ ਰਾਜੇਸ਼ ਖੰਨਾ ਸੰਜੀਵ ਦੇ ਰੋਲ ਖੋਹ ਲੈਂਦਾ ਹੈ। ਆਜ ਕਾ ਐਮ. ਐਲ. ਏ. ਲਈ ਮਦਰਾਸੀਆਂ ਨੇ ਸੰਜੀਵ ਕੁਮਾਰ ਨੂੰ ਸਾਈਨ ਕੀਤਾ ਸੀ ਪਰ ਪਤਾ ਨਹੀਂ ਰਾਜੇਸ਼ ਖੰਨਾ ਨੇ ਸ਼ਬਾਨਾ ਆਜ਼ਮੀ ਨਾਲ ਮਿਲ ਕੇ ਕੀ ਚੱਕਰ ਚਲਾਇਆ ਕਿ ਮਦਰਾਸੀਆਂ ਨੇ ਰੋਲ ਰਾਜੇਸ਼ ਖੰਨਾ ਨੂੰ ਦੇ ਦਿਤਾ। ਇਹ ਗੱਲ ਵੱਖਰੀ ਹੈ ਕਿ ਸੰਜੀਵ ਇਕ ਫਲਾਪ ਫਿਲਮ (ਆਜ ਕਾ...) ਤੋਂ ਬਚ ਗਿਆ।

ਹੁਣ ਫੇਰ ਫਿਲਮ 'ਮਾਸਟਰ ਜੀ' ਦਾ ਰੋਲ ਰਾਜੇਸ਼ ਖੰਨਾ ਨੇ ਖੋਹ ਲਿਆ ਹੈ। ਤੇ ਅਸੀਂ ਸੰਜੀਵ ਦਾ ਇਹ ਕਹਿਣਾ ਸਵੀਕਾਰ ਨਹੀਂ ਕਰਦੇ ਕਿ 'ਮਾਸਟਰ ਜੀ' ਦਾ ਰੋਲ ਸੰਜੀਵ ਨੇ ਆਪ ਛੱਡਿਆ ਹੈ। ਕਿਉਂਕਿ ਮਦਰਾਸ ਦੀਆਂ ਫਿਲਮਾਂ ਨੂੰ ਤਾਂ ਅਮਿਤਾਭ ਬੱਚਨ ਜਿਹੇ ਸੁਪਰਸਟਾਰ ਵੀ ਨੱਸ ਨੱਸ ਕੇ ਪਕੜਦੇ ਹਨ।

ਸੰਜੀਵ ਇਕ ਗੱਲ ਜ਼ਰੂਰ ਸਵੀਕਾਰ ਕਰਦਾ ਹੈ ਕਿ ਰਾਜੇਸ਼ ਖੰਨਾ ਨੇ ਜਦੋਂ ਵੀ ਕੋਈ ਰੋਲ ਕਿਸੇ ਸਟਾਰ ਤੋਂ ਖੋਹਿਆ ਤਾਂ ਉਹ ਫਿਲਮ ਫਲਾਪ ਹੀ ਹੋਈ ਹੈ। ਫਿਲਮ 'ਸ਼ਹਿਜ਼ਾਦਾ' ਰਾਜੇਸ਼ ਖੰਨਾ ਨੇ ਜਤਿੰਦਰ ਤੋਂ ਖੋਹੀ ਸੀ।

ਰਾਜੇਸ਼ ਪਾਕਿਟਮਾਰਾਂ ਵਾਂਗ ਫਿਲਮ ਮਾਰ ਹੈ। ਪਰ ਉਸ ਨੂੰ ਮਾਰੀ ਹੋਈ ਫਿਲਮ ਵਿਚੋਂ ਲੱਭਦਾ ਕੁਝ ਨਹੀਂ ਤੇ ਰਾਜੇਸ਼ ਖੰਨਾ ਨੂੰ ਅਜੇ ਵੀ ਸਮਝ ਨਹੀਂ ਆਈ। ਉਹ ਹੁਣ ਵੀ ਫਿਲਮਾਂ ਦੀ ਫਿਲਮਮਾਰੀ ਕਰਦਾ ਆ ਰਿਹਾ ਹੈ।

ਮਜ਼ਹਰਖਾਨ ਬਨਾਮ ਆਸ਼ਾ ਪਾਰਿਖ

ਆਸ਼ਾ ਪਾਰਿਖ ਆਪਣੇ ਸਮੇਂ ਦੀ ਸਭ ਤੋਂ ਵਧ ਹੁਸੀਨ ਹੀਰੋਇਨ ਮੰਨੀ ਜਾਂਦੀ ਹੈ। ਆਸ਼ਾ ਦੇ ਸ਼ਬਾਬ ਦੀ ਸ਼ਰਾਬ ਕਈ ਸਟਾਰਾਂ ਤੇ ਡਾਇਰੈਕਟਰਾਂ ਨੂੰ ਮਦਹੋਸ਼ ਕਰਦੀ ਰਹੀ ਹੈ। ਪਰ ਅਜ 'ਆਸ਼ਾ' ਪਾਰਿਖ ਪੰਜਾਹ ਨੂੰ ਢੁੱਕ ਰਹੀ ਹੈ। ਤੇ ਨਵੇਂ ਜੰਮੇ ਛੋਕਰੇ ਹੀ ਉਸ ਦੇ ਫਿੱਕੇ ਹੁਸਨ ਦਾ ਮਜ਼ਾਕ ਉਡਾਉਣ ਲੱਗ ਪਏ ਹਨ।

ਆਸ਼ਾ ਪਾਰਿਖ ਮਹਿਬੂਬ ਸਟੂਡੀਓ ਵਿਚ ਗਈ। ਉਥੇ ਹੀ ਪਹੁੰਚ ਗਿਆ ਅਨਿਲ ਕਪੂਰ। ਦੂਰੋਂ ਆਉਂਦੀ ਆਸ਼ਾ ਪਾਰਿਖ ਨੂੰ ਦੇਖ ਕੇ ਅਨਿਲ ਕਪੂਰ ਨੇ ਆਪਣੇ ਇਕ ਚਮਚੇ ਨੂੰ ਕਿਹਾ 'ਮਜ਼ਹਰ ਖਾਨ ਨੇ ਮੁੱਛਾਂ ਕਦੋਂ ਕਟਵਾ ਦਿਤੀਆਂ।'

ਤੇ ਚਮਚਾ ਆਪਣੇ ਮਾਲਕ ਅਨਿਲ ਕਪੂਰ ਨੂੰ ਖੁਸ਼ ਕਰਨ ਲਈ ਹੋਰ ਵੀ ਅੱਗੇ ਵਧ ਗਿਆ। ਉਹ ਆਸ਼ਾ ਪਾਰਿਖ ਕੋਲ ਪਹੁੰਚਿਆ ਤੇ ਕਹਿਣ ਲੱਗਿਆ 'ਸਰ! ਕੀ ਗੱਲ ਹੈ ਕਿ ਅਜ ਸਾੜ੍ਹੀ ਪਹਿਨ ਕੇ ਸ਼ੂਟਿੰਗ ਕਰਨੀ ਹੈ? ਆਸ਼ਾ ਪਾਰਿਖ ਦੇ ਨਾ ਸਮਝਣ ਤੇ ਚਮਚੇ ਨੇ ਹੋਰ ਬੇਸ਼ਰਮੀ ਨਾਲ ਕਿਹਾ —

'ਅਨਿਲ ਸਾਹਿ ਨੇ ਕਿਹਾ ਹੈ ਕਿ ਤੁਸੀਂ ਮਜ਼ਹਰ ਖਾਨ ਹੋ।

ਜੈਕੀ ਸ਼ਰੌਫ ਤੇ ਅਨਿਲ ਕਪੂਰ ਰਾਜੀਵ ਰਾਏ ਦੀ ਫਿਲਮ 'ਯੁੱਧ' ਵਿਚ।



ਸਮਿਤਾ ਪਾਟਿਲ

ਵਕੀਲ—ਤੁਸੀਂ ਚਾਹੁੰਦੇ ਹੋ, ਕਚਹਿਰੀ ਵਿਚ ਮੈਂ ਤੁਹਾਡਾ ਬਚਾ ਕਰਾਂ? ਪਰ ਤੁਹਾਡੇ ਕੋਲ ਫੀਸ ਲਈ ਕਿੰਨੇ ਪੈਸੇ ਨੇ?

ਮੁਜਰਿਮ—ਬਸ ਕੇਵਲ ਇਕ ਸਕੂਟਰ।

ਵਕੀਲ—ਠੀਕ ਹੈ ਚਲੇਗਾ। ਹਾਂ, ਫਿਰ ਦਸੋ ਕਿਸ ਦੋਸ਼ ਵਿਚ ਤੁਹਾਡੇ ਤੇ ਮੁਕੱਦਮਾ ਚਲ ਰਿਹਾ ਹੈ?

ਮੁਜਰਿਮ—ਜਨਾਬ ਸਕੂਟਰ ਚੋਰੀ ਕਰਨ ਦਾ।

ਅਰਬੀ ਲਘੂ ਕਥਾ

ਗਧਾ

ਡਾ. ਤਹਾ ਹੁਸੈਨ

ਇਕ ਵੇਲਾ ਸੀ ਜਦੋਂ ਗਧੇ ਨੂੰ ਬਹੁਤ ਪਵਿੱਤਰ ਜਾਨਵਰ ਮੰਨਿਆ ਜਾਂਦਾ ਸੀ। ਇਥੋ ਤਕ ਕਿ ਰੱਬ ਨੂੰ ਉਸ ਨਾਲ ਖਾਸ ਮੁਹੱਬਤ ਸੀ। ਉਹ ਹਰ ਵੇਲੇ ਖੁਦਾ ਦੇ ਨਾਲ ਹੀ ਰਹਿੰਦਾ। ਉਨ੍ਹੀਂ ਦਿਨੀਂ ਖੁਦਾਬੰਦ ਕਰੀਮ ਇਨਸਾਨ ਵਾਸਤੇ ਕੁਝ ਅਜਿਹੇ ਧਾਰਮਿਕ ਅਸੂਲ ਬਣਾ ਰਹੇ ਸਨ ਜਿਨ੍ਹਾਂ 'ਤੇ ਅਮਲ ਕਰਕੇ ਇਨਸਾਨ ਖੁਦਾ ਦਾ ਸੱਚਾ ਬੰਦਾ ਬਣ ਸਕਦਾ। ਉਹ ਇਨ੍ਹਾਂ ਅਸੂਲਾਂ ਨੂੰ ਪਰਚੀਆਂ 'ਤੇ ਲਿਖ ਲਿਖ ਕੇ ਇਕ ਅਲਮਾਰੀ ਵਿਚ ਰੱਖਦੇ ਜਾਂਦੇ।

ਇਕ ਦਿਨ ਰੱਬ ਨੂੰ ਕੁਝ ਥਕੇਵਾਂ ਜਿਹਾ ਹੋ ਗਿਆ ਤੇ ਉਹ ਸੌ ਗਏ। ਇਸ ਵੇਲੇ ਗਧੇ ਨੂੰ ਪਤਾ ਨਹੀਂ ਕੀ ਸੁੱਝਿਆ ਉਹ ਚੋਰੀ ਚੋਰੀ ਰੱਬ ਦੀਆਂ ਲਿਖੀਆਂ ਸਾਰੀਆਂ ਪਰਚੀਆਂ ਚੱਬ ਗਿਆ।

ਜਾਗਣ 'ਤੇ ਰੱਬ ਨੂੰ ਬਹੁਤ ਗੁੱਸਾ ਆਇਆ ਤੇ ਉਨ੍ਹਾਂ ਨੇ ਗਧੇ ਨੂੰ ਡੰਡੇ ਨਾਲ ਮਾਰ ਮਾਰ ਕੇ ਸਵਰਗੋਂ ਹੇਠਾਂ ਸੁੱਟ ਦਿੱਤਾ। ਗਧੇ ਨੂੰ ਸੱਟਾਂ ਤਾਂ ਬਹੁਤ ਲੱਗੀਆਂ ਪਰ ਉਹ ਖੁਸ਼ੀ ਦੇ ਮਾਰੇ ਕਮਲਾ ਹੋ ਰਿਹਾ ਸੀ ਕਿ ਧਰਮ ਦੇ ਸਾਰੇ ਅਸੂਲ ਹੁਣ ਮੇਰੇ ਢਿੱਡ ਵਿਚ ਹਨ।

ਧਰਤੀ 'ਤੇ ਪੁੱਜ ਕੇ ਗਧੇ ਨੇ ਚੀਕ ਚੀਕ ਕੇ ਲੋਕਾਂ ਨੂੰ ਦੱਸਣਾ ਸ਼ੁਰੂ ਕੀਤਾ—'ਰੱਬ ਦੇ ਬਣਾਏ ਸਾਰੇ ਅਸੂਲ ਮੇਰੇ ਢਿੱਡ ਵਿਚ ਹਨ। ਜੋ ਪੁੱਛਣਾ ਏ ਮੈਥੋਂ ਪੁੱਛੋ। ਮੈਂ ਜਿਵੇਂ ਆਖਦਾ ਹਾਂ ਉਸੇ ਤਰ੍ਹਾਂ ਚੱਲੋ। ਮੇਰੇ ਹੁਕਮ ਮੰਨੋ।'

ਪਰ ਇਹ ਦੁਨੀਆਂ ਅਜੀਬ ਲੋਕਾਂ ਦੀ ਸੀ। ਕੋਈ ਉਹਦੀ ਗੱਲ ਨੂੰ ਮੰਨਦਾ ਈ ਨਹੀਂ ਸੀ। ਉਹ ਜਿਥੇ ਜਾ ਕੇ ਆਪਣਾ ਬਿਆਨ ਦਿੰਦਾ ਲੋਕਾਂ ਤੋਂ ਡੰਡੇ ਖਾਂਦਾ।

ਕਿਹਾ ਜਾਂਦਾ ਹੈ ਕਿ ਉਦੋਂ ਤੋਂ ਹੀ ਪੋਥੀਆਂ ਦਾ ਭਾਰ ਢਿੱਡ ਵਿਚ ਢੋਣ ਵਾਲਾ ਹਰੇਕ 'ਗਧਾ' ਜਦੋਂ ਵੀ ਚੀਕ ਚੀਕ ਕੇ ਆਖਦਾ ਹੈ—'ਧਰਮ ਨੂੰ ਮੈਂ ਜਾਣਦਾ ਹਾਂ, ਮੇਰੇ ਕਹਿਣੇ 'ਤੇ ਅਮਲ ਕਰੋ' ਤਾਂ ਸੁਣਨ ਵਾਲੇ ਆਦਮੀ ਇਸ ਨੂੰ 'ਗਧੇ ਦੀ ਮੂਰਖਤਾ' ਸਮਝ ਕੇ ਮਖੌਲ ਵਿਚ ਹੱਸ ਛੱਡਦੇ ਹਨ।

ਪੰਜਾਬੀ ਰੂਪ ਡਾ. ਰਣਧੀਰ ਸਿੰਘ ਚੰਦ

FOGG MOTORS

60 - 10th Street, New Westminster

1. ਸਾਡੇ ਕੋਲ ਬਹੁਤ ਸਾਰੀਆਂ ਪੁਰਾਣੀਆਂ ਕਾਰਾਂ ਵੈਨਾਂ ਅਤੇ ਪਿਕਅੱਪ ਹਨ, ਜਿੰਨ੍ਹਾਂ ਦੀ ਕੀਮਤ ਦਾ ਕੋਈ ਮੁਕਾਬਲਾ ਨਹੀਂ ਹੈ।
2. ਅੱਛੀਆਂ ਕਾਰਾਂ, ਪਿਕਅੱਪ ਅਤੇ ਵੈਨਾਂ ਸਸਤੇ ਰੇਟ ਅਤੇ ਆਸਾਨ ਕਿਸ਼ਤਾਂ ਤੇ ਲੈਣ ਲਈ ਆਪਣੀ ਕਮਿਉਨਿਟੀ ਦੇ ਜਾਣੇ ਪਛਾਣੇ ਤੇ ਭਰੋਸੇਯੋਗ ਸੇਲਜ਼ਮੈਨ ਨੂੰ ਸਦਾ ਯਾਦ ਰੱਖੋ। ਅਗਰ ਤੁਸੀਂ ਕੋਈ GMC, Chrysler ਜਾਂ Ford ਦੀ ਕਾਰ ਲੈਣੀ ਹੋਵੇ ਤਾਂ ਵੀ ਸੁਖਜਿੰਦਰ ਸਿੰਘ ਹੋਰਾਂ ਨੂੰ ਮਿਲੋ ਜਾਂ ਫੋਨ ਕਰੋ ਉਹ ਤੁਹਾਨੂੰ ਅੱਛੀ ਸਲਾਹ ਦੇ ਕੇ ਫਖਰ ਮਹਿਸੂਸ ਕਰਦੇ ਹਨ।

ਅਸੀਂ ਹਰ ਐਤਵਾਰ 11 ਵਜੇ ਸਵੇਰ ਤੋਂ ਲੈ ਕੇ 4 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ।



Sukhjinder Bath
(Sukhi)
Bus: 522-2821
Res: 594-7712

“ਮੇਰੇ ਗੁਲਾਬ, - ਮੇਰੇ ਗੁਲਸ਼ਨ”



ਰੰਜੀਵ ਦੇ ਜਨਮ ਦਿਨ ਤੇ

ਐ ਮੇਰੇ ਪਿਉ, ਦਾਦੇ ਦੇ ਖੂਨ,
ਸਦਾ ਰਹੇਂ ਤੂੰ ਗੁਲਾਬ ਦੇ ਵਾਂਗ ਖਿੜਿਆ ।
ਚੰਨ ਵਾਂਗੂੰ ਰਾਤਾਂ ਨੂੰ ਰੋਸ਼ਨੀ ਕਰੀਂ
ਰਹੀਂ ਸੂਰਜ਼ ਵਾਂਗ ਹਰ ਦਿਨ ਚੜ੍ਹਿਆ ।
ਐ ਮੇਰੇ ਵੀਰ ਦੇ ਡਿਉੜੀ ਦੇ ਚੰਦਨ,
ਰਹੇ ਵਿਹੜਾ ਤੇਰੀ ਸੁਗੰਧ ਨਾਲ ਭਰਿਆ ।
ਐ ਮੇਰੇ ਪਿਉ, ਦਾਦੇ ਦੇ ਖੂਨ,
ਸਦਾ ਰਹੇਂ ਤੂੰ ਗੁਲਾਬ ਦੇ ਵਾਂਗ ਖਿੜਿਆ ।
ਮੇਰੇ ਦਾਦੇ ਦੇ ਬਾਲੇ-ਚਿਰਾਗ,
ਅੱਜ ਤੂੰ ਇੰਜ਼ ਬਲਿਆ !
ਕਿ ਰੋਸ਼ਨੀ ਹੋਈ ਮੇਰੇ ਖਾਨਦਾਨ ਵਿਚ
ਆਪਣੇ ਬਾਬੇ ਦੇ ਬਸੇਰੇ ਜਦ ਤੂੰ ਬਲਿਆ ।
ਐ ਮੇਰੇ ਪਿਉ - ਦਾਦੇ ਦੇ ਖੂਨ,
ਸਦਾ ਰਹੇਂ ਤੂੰ ਗੁਲਾਬ ਦੇ ਵਾਂਗ ਖਿੜਿਆ
ਤੂੰ ਹੱਸੇਂ ਤਾਂ ਬੁਲੀਆਂ ਚੋਂ ਕਿਰਨ ਕਲੀਆਂ ,
ਤੇਰੀਆਂ ਮੁਸਕਰਾਹਟ ਤੇ ਮੇਰਾ ਤਨ -ਮਨ,ਖਿੜਿਆ ।
ਏਥੇ ਹੀ ਬੱਸ ਮੈਂ ਕੀ ਕਰਾਂ,
ਮੇਰੇ ਪਿਉ ਦਾ ਸਾਰਾ ਪਰਿਵਾਰ ਖਿੜਿਆ ।
ਸੁਚੱਜੇ ਮਾਲੀ ਦੇ ਪਾਲੇ ਗੁਲਾਬ,
ਬਹਾਰ ਤੇਰੇ ਤੇ ਸਦਾ ਵਗਦੀ ਰਹੇ ।
ਸਦਾ ਰਹੇ ਤੂੰ ਗੁਲਸ਼ਨ ਦੇ ਵਾਂਗ ਖਿੜਿਆ।
ਭੁੱਲ ਜਾਵੀਂ ਨਾਂ ਭੂਆ ਦੀਆਂ ਬਾਹਾਂ ਦਾ ਝੂਲਾ,
ਜੋ ਝੂਲਾ ਪਿਆਰ ਦਾ ਤੂੰ ਲੱਖ ਵਾਰ ਝੂਲਿਆ ।
ਤੇਰੇ ਜਨਮ ਦਿਨ ਤੇ ਲੱਖ - ਲੱਖ ਵਧਾਈ ਹੋਵੇ,
ਸਦਾ ਰਹੇਂ ਤੂੰ ਕਲੀਆਂ ਦੀ ਸੁਗੰਧ ਵਾਂਗ ਭਰਿਆ ।
ਐ ਮੇਰੇ ਪਿਉ - ਦਾਦੇ ਦੇ ਖੂਨ,
ਸਦਾ ਰਹੇਂ ਤੂੰ ਗੁਲਾਬ ਦੇ ਵਾਂਗ ਖਿੜਿਆ ।
“ਤੂੰ ਗੁਲਸ਼ਨ”
“ਤੂੰ ਚੰਦਨ”
“ਤੂੰ ਕਲੀ”
“ਤੂੰ ਗੁਲਾਬ”
“ਤੂੰ ਸੁਗੰਧ ”
“ਤੂੰ ਰੋਸ਼ਨੀ”
“ਤੂੰ ਚਾਂਦਨੀ”
“ਤੂੰ ਧੁੱਪ”
“ਤੂੰ ਛਾਂਅ”
“ਤੂੰ ਅਖਾਂ ਦਾ ਤਾਰਾ”
ਐ ਨਰਗਿਸ ਦੇ ਫੁੱਲ,
ਹਰ ਸਾਲ ਤੇਰਾ ਜਨਮ ਦਿਨ ਰਹੇ ,
ਖੁਸੀਆਂ ਦੇ ਨਾਲ ਭਰਿਆ ।
“ਐ ਮੇਰੇ ਗੁਲਾਬ, ਐ ਮੇਰੇ ਗੁਲਸ਼ਨ,”
ਐ ਮੇਰੇ ਪਿਉ - ਦਾਦੇ ਦੇ ਖੂਨ,
ਸਦਾ ਰਹੇਂ ਤੂੰ ਗੁਲਾਬ ਦੇ ਵਾਂਗ ਖਿੜਿਆ ।

*ਰਾਜਦੀਪ ਕੰਦੋਲਾ

ਪਰਵਾਸੀ ਭਟਕਣ

*ਸ਼ਿਵਚਰਨ ਗਿੱਲ

ਨਫਰਤ ਦੇ ਥਲ ਭਟਕੇ, ਅਜ਼ਲੋਂ ਰੂਹ ਪਿਆਸੀ
ਉਸ ਧਰਤੀ ਨਾ' ਮੋਹ ਕੀ ? ਜੋ ਨਾ ਮਾਂ ਨਾ ਮਾਸੀ

ਧੁਆਂਖੇ ਸਾਹ ਹੰਢਾਵੇ, ਸਾਡੀ ਪਾਕ ਹਿਯਾਤੀ
ਨੀਂਦ ਨਾ ਸੁਪਨੇ ਸਾਡੇ, ਨਾ ਅੰਦਰ ਜੀਣ ਚੁਆਤੀ

ਸਹਿਮ ਸੰਕੋਚ ਨਾ' ਤੁਰਨਾ, ਬੋਲ ਬੋਲਣੇ ਊਣੇ
ਰੂਹ ਦਾ ਰੱਜ ਨਾ ਜਿੱਥੇ ਕੀ ਖੱਟਿਆ ਇਸ ਜੂਨੇ

ਬੁੱਲ੍ਹਾਂ ਤੇ ਮੁਸਕਾਉਂਦੇ ਹੰਝੂਆਂ ਵਰਗੇ ਹਾਸੇ
ਲੋੜਾਂ ਦਾ ਢਿੱਡ ਭਰਦੇ,ਦਿਲ ਨੂੰ ਦੇਣ ਦਿਲਾਸੇ

ਨਸ਼ਿਆਂ ਸੰਗ ਬੇਹੋਸ਼ੀ, ਹੋਸ਼ਾਂ ਲਾਲ ਉਦਾਸੀ
ਮਨ ਦਾ ਕੌਲ ਨਾ ਖਿੜਿਆ, ਕੀ ਜੀਵਨ ਪਰਵਾਸੀ

ਮ੍ਰਿਗ ਤ੍ਰਿਸ਼ਨਾ ਭਟਕਣ, ਇਸ ਜ਼ਿੰਦਗੀ ਦਾ ਨਾਂ ਹੈ
ਨਾਭੀ ਵਿਚ ਕਥੂਰੀ, ਭੌਣਾ ਥਾਂ ਪਰ ਥਾਂ ਹੈ ।

ਕਵਿਤਾ

ਸ਼ਿਵਚਰਨ ਗਿੱਲ

ਆਓ ਲਫਜ਼ਾਂ ਨੂੰ ਅਰਥ ਦੇਈਏ ।
ਅਰਥਾਂ ਬਿਨਾਂ ਲਫਜ
ਜਿਉਂ ਨੰਗੇ ਰੇਸ਼ਮੀ ਪਿੰਡੇ,
ਕੰਜਕ ਦੀ ਅਖ ਵਾਂਗ,
ਹਰ ਅੱਖ ਤੋਂ ਸ਼ਰਮਾਣ ।
ਆਓ ਲਫਜ਼ਾਂ ਨੂੰ ਅਰਥ ਦੇਈਏ ।
ਵੇਸਵਾ ਦੇ ਬੋਲਾਂ ਵਾਂਗ,
ਇਕ ਓਪਰੀ ਜਹੀ ਮੁਸਕਾਨ,
ਇਹ ਨਾਂ ਬਣ ਜਾਣ ।
ਆਓ ਲਫਜ਼ਾਂ ਨੂੰ ਅਰਥ ਦੇਈਏ ।
ਸਿਆਸੀ ਨੇਤਾ ਦਾ ਭਾਸਨ,
ਜਿਉਂ ਕਲੰਦਰ ਦੀ ਡੁਗ ਡੱਗੀ,
ਹਵਾ ਦੇ ਰੁਖ ਨਾਲ ਤੁਰ ਜਾਣ ।
ਇਹ ਨਾਂ ਉਨ੍ਹਾਂ ਦਾ ਹਾਣ ।
ਆਓ ਲਫਜ਼ਾਂ ਨੂੰ ਅਰਥ ਦੇਈਏ ।
ਸ਼ਾਇਰ ਦੇ ਬੋਲ ਨਿਰਮਲ,
ਹਿਮ ਕੂਲ ਜਨ ਲਾਲੀ
ਪਾਣੀ 'ਚ ਅਕਸ ਆਪਣਾ
ਲਫਜ਼ਾਂ ਚੋਂ ਰੂਹ ਪਛਾਣ ।
ਲਫਜ਼ਾਂ ਨੂੰ ਅਰਥ ਦਿੰਦੇ,
ਜੋ ਅਰਥ ਭਰਪੂਰ ਲਿਖਦੇ ।
ਉਹ ਲਫਜ਼ ਸ਼ਬਦਾਂ ਦੇ ਹਾਣ,
ਜੋ ਰੂਹ 'ਚ ਰਚ ਜਾਣ ।
ਉਹ ਬੋਲੀ ਦੇ ਵਾਰਿਸ,
ਮਨਾਂ 'ਚ ਮੋਹ ਜਗਾਣ ।
ਨਾਨਕ ਫਰੀਦ ਦੇ ਸ਼ਬਦਾਂ ਵਾਂਗ,
ਸ੍ਵੈ ਤੋਂ ਸੰਸਾਰ ਬਣ ਜਾਣ ।
ਜੋ ਰੂਹਾਂ ਦੀ ਗਲ ਕਰਦੇ,
ਉਹ ਲਫਜ਼ਾਂ ਨੂੰ ਅਰਥ ਦਿੰਦੇ ।
ਮੈਂ ਹਾਂ,
ਬਸ ਸੂਰਜ ਹਾਂ ।
ਕਿਉਂਕਿ ਮੇਰੇ ਚ ਅੱਗ ਹੈ ।
ਪ੍ਰਕਾਸ਼ ਤਾਂ ਅਗ ਦਾ ਹੈ ।
ਤੇਰਾ ਜੋ ਰਿਸ਼ਤਾ ਸੂਰਜ ਨਾਲ ਹੈ ।
ਇਹ ਉਹਦੇ ਚਾਨਣ ਜਾਂ,
ਚਾਨਣ ਦੀਆਂ ਦਾਤਾਂ ਨਾ ਹੈ ।
ਔਹ ਸੂਰਜ ਤਾਰੇ ਹਨ
ਬੜੇ ਪਿਆਰੇ ਹਨ ।
ਪਰ ਉਹਨਾਂ 'ਚ ਅੱਗ ਨਹੀਂ,
ਅੱਗ ਨਹੀਂ, ਪ੍ਰਕਾਸ਼ ਨਹੀਂ ।
ਇਜ ਹਰ ਬੰਦਾ ਹੀ ਰੱਬ ਹੈ
ਪਰ ਉਹ ਰੱਬ ਵਰਗਾ ਰਬ ਨਹੀਂ ।

ਸੀ. ਪੀ- ਐਮ. ਵੱਲੋਂ ਵਿਰੋਧੀ ਧਿਰ ਨੂੰ ਇਕਮੁੱਠ ਹੋਣ ਦਾ ਸੱਦਾ

ਨਵੀਂ ਦਿੱਲੀ - (ਯੂ. ਐਨ. ਆਈ.) ਸੀ. ਪੀ. ਐਮ. ਨੇ ਸਾਰੀਆਂ “ਧਰਮ ਨਿਰਪੱਖ ਵਿਰੋਧੀ ਪਾਰਟੀਆਂ” ਨੂੰ ਕਿਹਾ ਕਿ ਉਹ ਹਾਲੀਆ ਲੋਕ ਸਭਾ ਚੋਣਾਂ ਦੌਰਾਨ ਹੋਈ ਹਾਰ ਤੋਂ ਸਬਕ ਸਿੱਖਦਿਆਂ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਕਮੁੱਠ ਹੋ ਕੇ ਕਾਂਗਰਸ (ਆਈ) ਨਾਲ ਟੱਕਰ ਲੈਣ ।

ਪਾਰਟੀ ਦੇ ਪੋਲਿਟ ਬਿਊਰੋ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਕਿ ਜੇਕਰ ਮੁੱਖ ਵਿਰੋਧੀ ਪਾਰਟੀਆਂ ਪਿਛਲੇ ਸਾਲ ਉਲੀਕੇ ਸਾਂਝੇ ਪ੍ਰੋਗਰਾਮਾਂ ਦੇ ਆਧਾਰ 'ਤੇ ਇੱਕਮੁੱਠ ਹੋ ਜਾਣ ਤਾਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ (ਆਈ) ਦਾ ਡਟਵਾਂ ਮੁਕਾਬਲਾ ਕੀਤਾ ਜਾ ਸਕਦਾ ਹੈ ।

ਪੋਲਿਟ ਬਿਊਰੋ ਜਿਸ ਦੀ ਮੀਟਿੰਗ ਹੋਈ, ਨੇ ਇੱਕ ਮਤੇ ਵਿੱਚ ਨਵੀਂ ਕੇਂਦਰੀ ਸਰਕਾਰ ਤੋਂ ਮੰਗ ਕੀਤੀ ਕਿ ਉਹ ਪੰਜਾਬ ਤੇ ਆਸਾਮ ਮਸਲੇ ਸੁਲਝਾਉਣ ਲਈ ਤੁਰੰਤ ਕਦਮ ਚੁੱਕੇ ।

ਪਾਰਟੀ ਦੀ ਕੇਂਦਰੀ ਕਮੇਟੀ ਦੀ 4 ਰੋਜ਼ਾ ਮੀਟਿੰਗ ਇੱਥੇ 14 ਜਨਵਰੀ ਤੋਂ ਸ਼ੁਰੂ ਹੋਵੇਗੀ ।

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ? ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ——————
ਪੁਰਾਣਾ ਪਤਾ——————
——————
——————
——————
ਨਵਾਂ ਪਤਾ ਸਟਰੀਟ/ਐਵੇਨਿਊ——————
ਟਾਊਨ——————
ਸਟੇਟ——————
ਪੋਸਟਲ ਕੋਡ——————
ਫੋਨ ਨੰਬਰ——————

‘ਕੈਨੇਡਾ ਦਰਪਣ’ ਦੇ ਚੰਦੇ ਦਾ ਫ਼ਾਰਮ
SUBSCRIPTION FORM


To
The Canada Darpan
P.O.Box. 67344,STN.'O'
VANCOUVER,B.C.
CANADA V5W 3T1
Phone (604)321-6360

I am enclosing a ☐cheque ☐M.O. ☐Draft as my Subscription for the year(s)....... I may be sent the newspaper at the following address :
Name..
Address..
City..
Province..
Postal code..
PHONE.

One Year ....20 dollars
Two Year ....35 dollars
Three year ....50 dollars
Life membership................200 dollars
ASIA........................80 dollars(a year)
U.S.A. ....25 dollars(a year)
Europe ....80 dollars(a year)
Africa ....80 dollars(a year)

United Realty Ltd.
3879 Oak Street, Vancouver, B.C. V6H 2M6
■ BUYING
■ SELLING
Free Evaluation For Your Property Call Any Time Without Any Obligation.
Malkit Dhami, M.A. (Eco.)
Res.879-1273 Pager 524-8581, #2229
Office. 736-3831

ਆਪਣੇ ਵਿਉਪਾਰ ਵਿੱਚ ਵਾਧਾ ਕਰਨ ਲਈ ਅਤੇ ਐਡਵਰਟਾਇਜ਼ਮਿਟ ਦੇਣ ਲਈ ਮਿਲੋ ਜਾਂ ਫੂਨ ਕਰੋ
ਭਵਖੰਡਨ 324-4381



“ਆਪਣੇ ਘਰ” ਤੋਂ “ਆਪਣੇ ਘਰ” ਤੱਕ....

ਸ਼ਿਆਮ ਖੋਸਲਾ

ਚੰਡੀਗੜ੍ਹ - ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਪਿੱਛੋਂ ਦਿੱਲੀ ਅਤੇ ਭਾਰਤ ਦੇ ਵੱਖ ਵੱਖ ਇਲਾਕਿਆਂ ਵਿੱਚ ਹੋਈ ਗੜਬੜ ਦੇ ਸਿੱਟੇ ਵਜੋਂ ਜਿੰਨ੍ਹਾਂ ਸਿੱਖ ਪਰਿਵਾਰਾਂ ਨੇ ਪੰਜਾਬ ਵਿੱਚ ਸ਼ਰਨ ਲਈ ਉਹ ਵਾਪਸ ਆਪਣੇ ਘਰਾਂ ਨੂੰ ਪਰਤਣ ਤੋਂ ਝਿਜਕ ਰਹੇ ਹਨ। ਉਨ੍ਹਾਂ ਥਾਵਾਂ ਤੇ ਉਹ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦੇ।

ਪੰਜਾਬ ਦੇ ਵੱਖ ਵੱਖ ਸ਼ਹਿਰਾਂ ਦਾ ਦੌਰਾ ਕਰਨ ਤੋਂ ਪਿੱਛੋਂ ਮੇਰਾ ਇਹ ਪ੍ਰਭਾਵ ਬਣਿਆ ਹੈ ਕਿ ਪਰਵਾਸੀ ਡਰੇ ਹੋਏ ਹਨ ਤੇ ਜੋ ਜਜ਼ਬਾਤੀ ਜ਼ਖਮ ਉਨ੍ਹਾਂ ਨੂੰ ਲੱਗੇ ਹਨ ਉਹ ਬਹੁਤ ਡੂੰਘੇ ਅਤੇ ਤਾਜ਼ਾ ਹਨ। ਰਾਜੀਵ ਗਾਂਧੀ ਵੱਲੋਂ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਪਹਿਲ ਦੇਣ ਦੇ ਐਲਾਨ ਅਤੇ ਸਿੱਖਾਂ ਨੂੰ ਭਾਰਤ ਦੇ ਦੂਸਰਿਆਂ ਹਿੱਸਿਆਂ ਵਿੱਚ ਸੁਰਖਿਅਤਾ ਦਾ ਭਰੋਸਾ ਦੇਣ ਦਾ ਵੀ ਜੇਕਰ ਕੋਈ ਠੋਸ ਨਤੀਜਾ ਨਹੀਂ ਨਿਕਲਿਆ ਤਾਂ ਇਸ ਦਾ ਵੱਡਾ ਕਾਰਨ ਇਹ ਹੈ ਕਿ ਕੁੱਝ ਸੁਆਰਥੀ ਅਨਸਰਾਂ ਵੱਲੋਂ ਕਈ ਤਰ੍ਹਾਂ ਦੀਆਂ ਅਫਵਾਹਾਂ ਉਡਾਈਆਂ ਜਾ ਰਹੀਆਂ ਹਨ।

ਪਟਿਆਲੇ ਦੇ ਰੀਲੀਫ ਕੈਂਪ ਵਿੱਚ ਠਹਿਰੇ ਆਗਰੇ ਦੇ ਠਾਕੁਰ ਸਿੰਘ ਨੇ ਇਕ ਹਿੰਦੂ ਵੱਲੋਂ ਲਿਖੇ ਧਮਕੀ ਭਰੇ ਖੱਤ ਦੀ ਇੱਕ ਫੋਟੋ ਸਟੇਟ ਕਾਪੀ ਵਿਖਾਈ। ਇਸ ਖੱਤ ਰਾਹੀਂ ਸਿੱਖਾਂ ਨੂੰ ਭਾਰਤ ਵਿੱਚੋਂ ਨਿਕਲ ਜਾਣ ਲਈ ਕਿਹਾ ਗਿਆ ਸੀ। ਉਸ ਨੇ ਕਿਹਾ ਕਿ ਇਸ ਹਾਲਤ ਵਿੱਚ ਉਹ ਕਿਵੇਂ ਵਾਪਸ ਜਾ ਸਕਦਾ ਹੈ। ਉਸ ਨੇ ਤਾਂ ਬੰਬਈ ਅਤੇ ਆਗਰੇ ਵਿੱਚ ਰਹਿੰਦੇ ਆਪਣੇ ਪੁੱਤਰਾਂ ਨੂੰ ਵੀ ਪੰਜਾਬ ਆ ਜਾਣ ਲਈ ਕਿਹਾ ਹੈ। ਰਾਂਚੀ ਤੋਂ ਆਏ ਕਰਮਵੀਰ ਸਿੰਘ ਨੇ ਦੱਸਿਆ ਕਿ ਉਹ ਰਾਂਚੀ ਵਾਪਸ ਨਹੀਂ ਜਾ ਰਿਹਾ। ਭੀੜ ਨੇ ਉਸ ਦੀ ਦੁਕਾਨ ਸਾੜ ਦਿੱਤੀ ਸੀ ਤੇ ਉਸ ਨੇ ਤੇ ਉਸ ਦੀ ਔਰਤ ਨੇ ਆਪਣੇ ਦਸ ਦਿਨਾਂ ਦੇ ਬੱਚੇ ਸਮੇਤ ਝਾੜੀਆਂ ਵਿੱਚ ਛੁੱਪ ਕੇ ਜਾਨ ਬਚਾਈ ਸੀ।

ਇਹ ਵੀ ਨਹੀਂ ਕਿ ਸਾਰੇ ਹੀ ਪਰਵਾਸੀ ਵਾਪਸ ਨਹੀਂ ਜਾਣਾ ਚਾਹੁੰਦੇ। ਬਹੁਤ ਸਾਰੇ ਅਜਿਹੇ ਲੋਕ ਜਿੰਨ੍ਹਾਂ ਦੀਆਂ ਦੁਕਾਨਾਂ ਤੇ ਵਪਾਰਕ ਅਦਾਰੇ ਬਚ ਗਏ ਹਨ ਆਪਣੇ ਪਰਿਵਾਰਾਂ ਨੂੰ ਪੰਜਾਬ ਛੱਡ ਕੇ ਵਾਪਸ ਚਲੇ ਗਏ ਹਨ। ਇਸੇ ਤਰ੍ਹਾਂ ਮੁਲਾਜ਼ਮ ਪੇਸ਼ਾ ਲੋਕ ਵੀ ਵਾਪਸ ਚਲੇ ਗਏ ਹਨ।

ਗੁਰੂ ਰਾਮਦਾਸ ਸਰਾਂ ਅੰਮ੍ਰਿਤਸਰ ਵਿੱਚ ਪਨਾਹ ਲਈ ਬੈਠੇ ਕਸ਼ਮੀਰਾ ਸਿੰਘ ਨੇ ਦੱਸਿਆ ਕਿ ਉਹ ਦਿੱਲੀ ਗਿਆ ਸੀ। ਉਸ ਦੀ ਮੋਟਰਾਂ ਦੀ ਮੁਰੰਮਤ ਕਰਨ ਦੀ ਦੁਕਾਨ ਠੀਕ ਠਾਕ ਹੈ। ਉਹ ਛੇਤੀ ਹੀ ਦਿੱਲੀ ਵਾਪਸ ਚਲਾ ਜਾਏਗਾ ਪਰ ਆਪਣਾ ਪਰਿਵਾਰ ਅੰਮ੍ਰਿਤਸਰ ਹੀ ਛੱਡ ਜਾਏਗਾ। ਜਹਾਂਗੀਰਪੁਰੀ ਦੇ ਮਿਤਰਪਾਲ ਸਿੰਘ ਦਾ ਕਹਿਣਾ ਸੀ ਕਿ ਉਹ ਜਹਾਂਗੀਰਪੁਰੀ ਵਿੱਚ ਸਭ ਕੁੱਝ ਠੀਕ ਠਾਕ ਹੈ ਤੇ ਉਹ ਵਾਪਸ ਜਾ ਰਿਹਾ ਹੈ।

ਸਰਕਾਰੀ ਤੌਰ ਤੇ ਮੈਨੂੰ ਦੱਸਿਆ ਗਿਆ ਕਿ ਲੁਧਿਆਣੇ ਤੋਂ 300 ਪਰਿਵਾਰ, ਅੰਮ੍ਰਿਤਸਰ ਤੋਂ 80 ਪਰਿਵਾਰ ਅਤੇ ਪਟਿਆਲੇ ਤੋਂ 10 ਪਰਿਵਾਰ ਵਾਪਸ ਗਏ ਹਨ। ਇਹ ਅੰਕੜੇ ਸਹੀ ਤਸਵੀਰ ਪੇਸ਼ ਨਹੀਂ ਕਰਦੇ। ਸਰਕਾਰੀ ਅਧਿਕਾਰੀ ਕੇਵਲ ਉਨ੍ਹਾਂ ਪਰਿਵਾਰਾਂ ਬਾਰੇ ਹੀ ਜਾਣਕਾਰੀ ਰੱਖਦੇ ਹਨ ਜਿੰਨ੍ਹਾਂ ਦੀ ਇੰਟੈਲੀਜੈਂਸ ਏਜੰਸੀਆਂ ਵੱਲੋਂ ਸੂਹ ਦਿੱਤੀ ਗਈ ਹੈ ਜਾਂ ਰੇਲਵੇ ਗੱਡੀ ਤੇ ਚੜ੍ਹਦੇ ਜਾਂ ਉਤਰਦੇ ਹਨ।

ਅਜਿਹੀਆਂ ਇਤਲਾਹਾਂ ਮਿਲੀਆਂ ਹਨ ਕਿ ਬਹੁਤ ਸਾਰੇ ਪਰਿਵਾਰ ਜੋ ਕਿ ਚੋਣਾਂ ਦੇ ਦਿਨਾਂ ਵਿੱਚ ਫਸਾਦ ਦੇ ਡਰ ਨੂੰ ਮੁੱਖ ਰੱਖ ਕੇ ਪੰਜਾਬ ਆਏ ਸਨ ਵਾਪਸ ਚਲੇ ਗਏ ਹਨ। ਇਹ ਠੀਕ ਠਾਕ ਹੈ ਕਿ ਕੁੱਝ ਸੌ ਪਰਿਵਾਰ ਚੋਣਾਂ ਦੇ ਦਿਨਾਂ ਵਿੱਚ ਹਰਿਆਣੇ ਤੋਂ ਪੰਜਾਬ ਆਏ ਸਨ ਤੇ ਹੁਣ ਵਾਪਸ ਚਲੇ ਗਏ ਹਨ।

ਪਰਿਵਾਰ ਦੋ ਪੜਾਵਾਂ ਵਿੱਚ ਪੰਜਾਬ ਆਏ। ਪਹਿਲਾ ਪੜਾਅ ਤਾਂ ਇੰਦਰਾ ਦੇ ਕਤਲ ਪਿੱਛੋਂ ਹੋਏ ਫਸਾਦਾਂ ਦਾ ਸੀ ਤੇ ਦੂਸਰਾ ਪੜਾਅ ਚੋਣਾਂ ਦੇ ਦੌਰਾਨ ਫੈਲੀਆਂ ਅਫਵਾਹਾਂ ਦਾ। ਪਹਿਲੇ ਪੜਾਅ ਤੇ 6 ਨਵੰਬਰ ਤੋਂ ਪਿੱਛੋਂ ਇੱਕ ਵੱਡੀ ਗਿਣਤੀ ਵਿੱਚ ਫਸਾਦ ਪੀੜਤ ਪੰਜਾਬ ਆਉਣੇ ਸ਼ੁਰੂ ਹੋਏ। ਸਾਰੇ ਵੱਡੇ ਸ਼ਹਿਰਾਂ ਦੇ ਰੇਲਵੇ ਸਟੇਸ਼ਨਾਂ ਤੇ ਜ਼ਿਲਾ ਅਧਿਕਾਰੀਆਂ ਨੇ ਸੂਚਨਾ ਕੇਂਦਰ ਬਣਾਏ ਹੋਏ ਸਨ, ਇਨ੍ਹਾਂ ਲੋਕਾਂ ਨੂੰ ਗੁਰਦੁਆਰਿਆਂ, ਸਰਾਵਾਂ ਅਤੇ ਸਕੂਲਾਂ ਵਿੱਚ ਰੱਖਿਆ ਗਿਆ ਤੇ ਮੁਫਤ ਖੁਰਾਕ, ਕੱਪੜੇ ਤੇ ਦੁਆਈਆਂ ਦਿੱਤੀਆਂ ਗਈਆਂ। ਕੁੱਝ ਇੱਕ ਪਰਿਵਾਰ ਆਪਣੇ ਸਾਕਾਂ ਸਬੰਧੀਆਂ ਕੋਲ ਠਹਿਰੇ ਤੇ ਬਜ਼ਾਰਾਂ ਵਿੱਚੋਂ ਰੋਟੀਆਂ ਖਾਂਦੇ ਰਹੇ।


ਦੂਸਰੇ ਪੜਾਅ ਵਿੱਚ ਆਉਣ ਵਾਲੇ ਪਰਵਾਸੀ ਉਹ ਸਨ ਜੋ ਕਿ ਚੋਣਾਂ ਦੇ ਦੌਰਾਨ ਗੜਬੜ ਦੀਆਂ ਅਫਵਾਹਾਂ ਦੇ ਕਾਰਨ ਆਏ ਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਵਾਪਸ ਚਲੇ ਗਏ ਹਨ।

ਪਰਵਾਸੀਆਂ ਦੀ ਵੱਡੀ ਗਿਣਤੀ ਲੁਧਿਆਣੇ ਵਿੱਚ ਹੈ। ਇਸ ਨੂੰ ਅੱਡਾ ਬਣਾ ਕੇ ਉਹ ਦੂਸਰੇ ਸ਼ਹਿਰਾਂ ਵਿੱਚ ਵੀ ਆਪਣੇ ਰੁਜ਼ਗਾਰ ਅਤੇ ਰਿਹਾਇਸ਼ ਦੀ ਭਾਲ ਕਰ ਰਹੇ ਹਨ। ਅੰਮ੍ਰਿਤਸਰ ਵੱਲ ਬਹੁਤ ਘੱਟ ਗਿਣਤੀ ਵਿੱਚ ਲੋਕ ਆਏ ਹਨ। ਇਸ ਦਾ ਮੁੱਖ ਕਾਰਨ ਇਸ ਦਾ ਸਰਹੱਦੀ ਸ਼ਹਿਰ ਹੋਣਾ ਹੈ ਪਰ ਸਵਰਨ ਮੰਦਰ ਦੀ ਖਿਚ ਬਹੁਤਿਆਂ ਨੂੰ ਲੈ ਵੀ ਆਈ ਹੈ।

ਪੰਜਾਬ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਬਾਰੇ ਵੱਖ ਵੱਖ ਦਾਅਵੇ ਹਨ। ਪੰਜਾਬ ਸਰਕਾਰ ਦੇ ਕਥਨ ਅਨੁਸਾਰ ਇਨ੍ਹਾਂ ਪਰਿਵਾਰਾਂ ਦੀ ਗਿਣਤੀ 5200 ਹੈ ਪਰ ਸਰਕਾਰੀ ਤਰਜਮਾਨ ਨੇ ਇਸ ਗਿਣਤੀ ਨੂੰ ਅੱਟਾ ਸੱਟਾ ਦੱਸਿਆ ਹੈ ਰੇਲਵੇ ਸਟੇਸ਼ਨ ਉਤੇ ਬਣਾਏ ਗਏ ਰੀਲੀਫ ਸੂਚਨਾ ਕੇਂਦਰ ਖਤਮ ਕਰ ਦਿੱਤੇ ਗਏ ਹਨ ਬਹੁਤੇ ਪਰਿਵਾਰਾਂ ਨੇ ਇਸ ਡਰੋਂ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਮੁਨਾਸਿਬ ਨਹੀਂ ਸਮਝਿਆ ਕਿ ਮਤਾਂ ਉਨ੍ਹਾਂ ਨੂੰ ਪੰਜਾਬ ਵਿੱਚੋਂ ਨਾ ਕੱਢ ਦਿੱਤਾ ਜਾਵੇ। ਐਸ. ਜੀ. ਪੀ. ਸੀ. ਅਤੇ ਰੀਲੀਫ ਕੈਂਪ ਲਗਾਉਣ ਵਾਲੀਆਂ ਸਿਖ ਸੰਸਥਾਵਾਂ ਦਾ ਕਹਿਣਾ ਹੈ ਕਿ ਘੱਟੋ ਘੱਟ ਦਸ ਹਜ਼ਾਰ ਪਰਿਵਾਰ ਉਨ੍ਹਾਂ ਕੋਲ ਰਜਿਸਟਰ ਹੋਏ ਹਨ। ਇਕੱਲੇ ਲੁਧਿਆਣੇ ਵਿੱਚ ਅਜਿਹੇ ਪਰਿਵਾਰਾਂ ਦੀ ਗਿਣਤੀ 5400 ਹੈ। ਅੰਮ੍ਰਿਤਸਰ ਵਿੱਚ 1800, ਪਟਿਆਲੇ ਵਿੱਚ 1325 ਅਤੇ ਜਲੰਧਰ ਵਿੱਚ 750 ਪਰਿਵਾਰ ਰਜਿਸਟਰ ਕੀਤੇ ਗਏ।

ਇਹ ਹੋ ਸਕਦਾ ਹੈ ਕਿ ਕੁੱਝ ਪਰਿਵਾਰਾਂ ਨੇ ਆਪਣੇ ਆਪ ਨੂੰ ਵਧੇਰੇ ਥਾਵਾਂ ਤੇ ਰਜਿਸਟਰ ਕਰਵਾਇਆ ਹੋਵੇ ਪਰ ਅਜਿਹੇ ਪਰਿਵਾਰਾਂ ਦੀ ਗਿਣਤੀ ਘੱਟ ਹੈ। ਸਿੱਖ ਸੰਸਥਾਵਾਂ ਕੋਲ ਪਰਵਾਸੀਆਂ ਵੱਲੋਂ ਭਰੇ ਗਏ ਫਾਰਮ ਹਨ। ਪਰ ਇਨ੍ਹਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਪਰਿਵਾਰਾਂ ਨੇ ਆਪਣੇ ਆਪ ਨੂੰ ਰਜਿਸਟਰ ਨਹੀਂ ਕਰਵਾਇਆ। ਇਸ ਲਈ ਪਰਵਾਸੀਆਂ ਦੀ ਗਿਣਤੀ ਕਿਤੇ ਵਧੇਰੇ ਹੈ।

ਇਹ ਗੱਲ ਠੀਕ ਜਾਪਦੀ ਹੈ ਕਿ ਕੋਈ 10 ਹਜ਼ਾਰ ਪਰਿਵਾਰ ਨਵੰਬਰ ਤੇ ਦਸੰਬਰ ਵਿੱਚ ਪੰਜਾਬ ਆਏ। ਇਨ੍ਹਾਂ ਵਿੱਚੋਂ ਕੁੱਝ ਹਜ਼ਾਰ ਹੀ ਵਾਪਸ ਗਏ ਹਨ ਤੇ ਜੇਕਰ ਜੀਵਨ ਅਤੇ ਜਾਇਦਾਦ ਦੀ ਸੁਰੱਖਿਅਤਾ ਦਾ ਭਰੋਸਾ ਮਿਲੇ ਤਾਂ ਕੁੱਝ ਹੋਰ ਪਰਿਵਾਰ ਵਾਪਸ ਚਲੇ ਜਾਣਗੇ ਪਰ ਕੁੱਝ ਹਜ਼ਾਰ ਪਰਿਵਾਰ ਅਜਿਹੇ ਹਨ ਜੋ ਕਿ ਪੰਜਾਬ ਵਿੱਚ ਹੀ ਵਸ ਜਾਣਾ ਚਾਹੁੰਦੇ ਹਨ।



ਲੁਧਿਆਣਾ ਵਿਖੇ ਗੁਜਰਾਂਵਾਲਾ ਖਾਲਸਾ ਕਾਲਜ ਵਿਚ ਕਾਨਪੁਰ ਤੋਂ ਉਖੜ ਕੇ ਆਏ ਲੋਕਾਂ ਦੇ ਇਕ ਕੈਂਪ ਦਾ ਦ੍ਰਿਸ਼।

ਭਾਜਪਾ ਵਰਕਰਾਂ ਨੂੰ ਦਿਲ ਨਾ ਢਾਹੁਣ ਦੀ ਅਪੀਲ!!

ਗਵਾਲੀਅਰ - (ਯੂ. ਐਨ. ਆਈ.) ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਟੱਲ ਬਿਹਾਰੀ ਬਾਜਪਾਈ ਨੇ ਪਾਰਟੀ ਵਰਕਰਾਂ ਨੂੰ ਕਿਹਾ ਹੈ ਕਿ ਉਹ ਹਾਲੀਆ ਲੋਕ ਸਭਾ ਚੋਣਾਂ ਵਿੱਚ ਪਾਰਟੀ ਨੂੰ ਪਈ ਮਾਰ ਤੋਂ ਦਿਲ ਨਾ ਛੱਡਣ ਅਤੇ ਵਿਧਾਨ ਸਭਾ ਚੋਣਾਂ ਲਈ ਜ਼ੋਰਦਾਰ ਤਿਆਰੀਆਂ ਸ਼ੁਰੂ ਕਰ ਦੇਣ।

ਇੱਥੇ ਪਾਰਟੀ ਵਰਕਰਾਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਬਾਜਪਾਈ ਨੇ ਕਿਹਾ ਕਿ ਭਾਜਪਾ ਨੂੰ ਅਜੇ ਵੀ ਲੋਕ ਪ੍ਰਿਯਤਾ ਹਾਸਲ ਹੈ।

ਸ੍ਰੀ ਲੰਕਾ ਦਾ ਜਹਾਜ਼ ਭਾਰਤੀ ਪਾਣੀਆਂ ਵਿਚ ਫੜਿਆ ਗਿਆ

ਨਵੀਂ ਦਿੱਲੀ: ਤਾਮਿਲਨਾਡੂ ਦੇ ਤੱਟ ਲਾਗੇ ਲੰਕਾ ਦਾ ਇਕ ਜਹਾਜ਼ ਭਾਰਤੀ ਪਾਣੀਆਂ ਵਿਚ ਫੜੇ ਜਾਣ ਦੀ ਖਬਰ ਹੈ। ਜਹਾਜ਼ ਵਿਚ ਸਵਾਰ ਸੱਤ ਵਿਅਕਤੀ ਗ੍ਰਿਫਤਾਰ ਕਰ ਲਏ ਗਏ ਹਨ। ਨਿਊਜ਼ ਏਜੰਸੀ ਅਨੁਸਾਰ ਤਿੰਨ [illegible] ਮਛੇਰੇ ਵੀ ਜ਼ਖਮੀ ਹੋਏ ਹਨ।

ਨਵੀਂ ਦਿੱਲੀ ਵਿਚ ਸ੍ਰੀ ਲੰਕਾ ਦੇ ਕਾਰਜਕਾਰੀ ਹਾਈ ਕਮਿਸ਼ਨਰ ਐਲਫਰਿਡ ਨੂੰ ਬੁਲਾ ਕੇ ਰੋਸ ਪੱਤਰ ਦਿਤਾ ਗਿਆ। ਕਿਹਾ ਜਾਂਦਾ ਹੈ ਕਿ ਇਹ ਘਟਨਾ ਸ੍ਰੀ ਲੰਕਾ ਅਤੇ ਭਾਰਤ ਵਿਚਕਾਰ ਪਹਿਲੀ ਅਜਿਹੀ ਘਟਨਾ ਹੈ।

ਖਬਰਾਂ ਅਨੁਸਾਰ ਸ੍ਰੀ ਲੰਕਾ ਦੇ ਜਹਾਜ਼ ਤੋਂ ਭਾਰਤੀ ਮਛੇਰਿਆਂ ਦੀਆਂ ਕਿਸ਼ਤੀਆਂ ਤੇ ਪਹਿਲਾਂ ਗੋਲੀਆਂ ਚਲਾਈਆਂ ਗਈਆਂ। ਪਰ ਸ੍ਰੀ ਲੰਕਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਹਾਜ਼ ਪੈਟਰੋਲ ਉਤੇ ਸੀ ਜਿਸ ਸਮੇਂ ਇਸ ਨੂੰ ਫੜਿਆ ਗਿਆ।

ਪਿਛਲੇ ਬੁੱਧਵਾਰ ਤੋਂ ਪੈਟਰੋਲ ਇਸ ਇਲਾਕੇ ਦੇ ਪਾਣੀਆਂ ਵਿਚ ਵਧਾ ਦਿਤੀ ਗਈ ਸੀ ਕਿਉਂਕਿ ਸ੍ਰੀ ਲੰਕਾ ਦੀ ਨੇਵੀ ਨੇ ਕਈ ਵਾਰ ਭਾਰਤੀ ਮਛੇਰਿਆਂ ਉਤੇ ਗੋਲੀ ਚਲਾਈ ਜਿਸ ਨਾਲ ਦੋ ਭਾਰਤੀ ਮਛੇਰੇ ਮਾਰੇ ਗਏ ਸਨ।

ਸ੍ਰੀ ਲੰਕਾ ਦੀ ਸਰਕਾਰ ਨੇ ਦੋਸ਼ ਲਾਇਆ ਕਿ ਤਾਮਿਲ ਅਤਿਵਾਦੀਆਂ ਨੂੰ ਭਾਰਤ ਵਿਚ ਸ਼ਰਨ ਦਿਤੀ ਜਾ ਰਹੀ ਹੈ ਅਤੇ ਉਹ ਮੋਟਰ-ਬੋਟਾਂ ਰਾਹੀਂ ਸ੍ਰੀ ਲੰਕਾ ਵਿਚ ਦਾਖਲ ਹੁੰਦੇ ਹਨ।

ਰਾਜੀਵ ਪੰਜਾਬ ਮਸਲੇ ਬਾਰੇ ਸੁਹਿਰਦ ਨਹੀਂ

ਸਾਹਿਬ ਸਿੰਘ

ਮੋਗਾ - ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗਰੰਥੀ ਗਿਆਨੀ ਸਾਹਿਬ ਸਿੰਘ ਨੇ ਦੀਨਾ ਸਾਹਿਬ ਗੁਰਦੁਆਰਾ ਵਿਖੇ ਗੱਲਬਾਤ ਦੌਰਾਨ ਕਿਹਾ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਪੰਜਾਬ ਮਸਲੇ ਨੂੰ ਹੱਲ ਕਰਨ ਬਾਰੇ ਸੁਹਿਰਦ ਨਹੀਂ ਅਤੇ ਜੇਕਰ ਵਾਕਿਆ ਹੀ ਸੁਹਿਰਦ ਹੈ ਤਾਂ ਫਿਰ ਅਕਾਲੀ ਆਗੂਆਂ ਨੂੰ ਰਿਹਾ ਕਰਕੇ ਤੇ ਹੋਰ ਭੋਲੇ ਭਾਲੇ ਸਿਖ ਨੌਜਵਾਨਾਂ ਨੂੰ ਜੇਲ੍ਹਾਂ 'ਚੋਂ ਛੱਡ ਕੇ ਸੁਖਾਵਾਂ ਮਾਹੌਲ ਪੈਦਾ ਕੀਤਾ ਜਾਵੇ ਤਾਂ ਕਿ ਅੱਗੋਂ ਗੱਲਬਾਤ ਤੁਰ ਸਕੇ। ਉਨ੍ਹਾਂ ਕਿਹਾ ਕਿ ਜੇਕਰ ਸ੍ਰੀ ਲਾਲਡਂਗਾ ਨੂੰ ਮੀਜ਼ੋਰਾਮ ਮਸਲੇ ਗੱਲਬਾਤ ਲਈ ਲੰਡਨ ਤੋਂ ਸੱਦਿਆ ਜਾ ਸਕਦਾ ਹੈ ਤਾਂ ਫਿਰ ਅਕਾਲੀ ਆਗੂਆਂ ਨੂੰ ਵੀ ਰਿਹਾ ਕੀਤਾ ਜਾ ਸਕਦਾ ਹੈ।

ਗਿਆਨੀ ਸਾਹਿਬ ਸਿੰਘ ਨੇ ਕਿਹਾ ਕਿ ਸਰਕਾਰ ਦੀ ਸੁਹਿਰਦਤਾ ਫਿਰ ਜਾਣੀਏ ਜੇਕਰ ਬਾਹਰਲੇ ਸੂਬਿਆਂ 'ਚ ਹੋਏ ਕਤਲਾਂ ਤੇ ਦੰਗਿਆਂ ਲਈ ਜ਼ਿੰਮੇਵਾਰ ਸਰਕਾਰੀ ਅਧਿਕਾਰੀਆਂ ਅਤੇ ਕਾਂਗਰਸ ਆਗੂਆਂ ਨੂੰ ਉਚਿਤ ਸਜ਼ਾ ਦੇਵੇ।

ਆਤਮ ਸਮਰਪਣ ਕਰਨ ਵਾਲੇ ਬਾਗੀਆਂ ਦੀ ਮੁਆਫੀ ਦਾ ਐਲਾਨ

ਨਵੀਂ ਦਿੱਲੀ - (ਯੂ. ਐਨ. ਆਈ.) ਤ੍ਰਿਪੁਰਾ ਸਰਕਾਰ ਨੇ ਸਰਹੱਦ ਪਾਰੋਂ ਸਰਕਾਰ ਵਿਰੋਧੀ ਗਤੀਵਿਧੀਆਂ ਕਰਨ ਵਾਲੇ ਅਤਿਵਾਦੀਆਂ ਨੂੰ ਆਤਮ ਸਮਰਪਣ ਕਰਨ ਦਾ ਅਵਸਰ ਦੇਣ ਲਈ ਉਨ੍ਹਾਂ ਵਾਸਤੇ ਆਮ ਮੁਆਫੀ ਦਾ ਐਲਾਨ ਕੀਤਾ ਹੈ। ਇਸ ਸਬੰਧ ਵਿੱਚ ਸੂਚਨਾ ਦਿੰਦਿਆਂ ਮੁੱਖ ਮੰਤਰੀ ਸ੍ਰੀ ਨ੍ਰਿਪਨ ਚਕਰਵਰਤੀ ਨੇ ਦੱਸਿਆ ਹੈ ਕਿ ਸਰਕਾਰ ਦਾ ਫੈਸਲਾ ਪਹਿਲੀ ਜਨਵਰੀ ਤੋਂ ਲੈ ਕੇ 31 ਮਾਰਚ ਤੱਕ ਲਾਗੂ ਰਹੇਗਾ ਅਤੇ ਇਸ ਅਰਸੇ ਦੌਰਾਨ ਆਤਮ ਸਮਰਪਣ ਕਰ ਦੇਣ ਵਾਲੇ ਸਭ ਅਤਿਵਾਦੀਆਂ ਨੂੰ ਨਾ ਕੇਵਲ ਮੁਆਫ ਹੀ ਕਰ ਦਿੱਤਾ ਜਾਵੇਗਾ ਬਲਕਿ ਉਨ੍ਹਾਂ ਨੂੰ ਮੁੜ ਵਸੇਬੇ ਲਈ ਹਰ ਪ੍ਰਕਾਰ ਦੀ ਸਹਾਇਤਾ ਵੀ ਮੁਹਈਆ ਕੀਤੀ ਜਾਵੇਗੀ।



ਮਾਰਕਸੀ ਕਮਿਊਨਿਸਟ ਆਗੂ ਨੇ ਰਾਜ ਅੰਦਰ ਅਤਿਵਾਦੀਆਂ ਦੀਆਂ ਗਤੀਵਿਧੀਆਂ ਕਾਰਨ ਪੈਦਾ ਹੋਈ ਸਥਿਤੀ ਬਾਰੇ ਸੋਚ ਵਿਚਾਰ ਕਰਨ ਵਾਸਤੇ ਕੁੱਝ ਦਿਨ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਐਸ. ਬੀ. ਚਵਾਨ ਨਾਲ ਵੀ ਮੁਲਾਕਾਤ ਕੀਤੀ ਸੀ। ਉਨ੍ਹਾਂ ਸ੍ਰੀ ਚਵਾਨ ਨੂੰ ਮਾਮਲੇ ਦੇ ਸਾਰੇ ਪੱਖਾਂ ਤੋਂ ਜਾਣੂ ਕਰਵਾਇਆ ਸੀ ਅਤੇ ਅਤਿਵਾਦੀਆਂ ਨਾਲ ਨਿਬੜਨ ਲਈ ਰਾਜ ਅੰਦਰ ਬੀ. ਐਸ. ਐਫ. ਦੀਆਂ ਦੋ ਹੋਰ ਬਟਾਲੀਅਨਾਂ ਦੀ ਮੰਗ ਕੀਤੀ।

'ਪਾਕਿ ਅਗਵਾਕਰਾਂ ਨੂੰ ਭਾਰਤ ਹਵਾਲੇ ਕਰੇ'

ਨਿਊਯਾਰਕ - (ਯੂ. ਐਨ. ਆਈ.) ਅਮਰੀਕੀ ਰਸਾਲੇ "ਨਿਊਜ਼ ਵੀਕ" ਨੇ ਸੁਝਾਅ ਦਿੱਤਾ ਹੈ ਕਿ ਪਾਕਿਸਤਾਨ, ਭਾਰਤ ਨਾਲ ਤਣਾਅ ਘਟਾ ਸਕਦਾ ਹੈ ਅਤੇ ਸਬੰਧਾਂ 'ਚ ਸੁਧਾਰ ਦੀ ਨਵੀਂ ਕੜੀ ਦੀ ਸ਼ੁਰੂਆਤ ਕਰ ਸਕਦਾ ਹੈ।

ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਬਾਰੇ ਆਪਣੇ ਮੁੱਖ ਲੇਖ ਵਿੱਚ ਰਸਾਲੇ ਨੇ ਕਿਹਾ ਕਿ ਭਾਰਤੀ ਨੇਤਾ "ਪਾਕਿਸਤਾਨ ਨਾਲ ਸਬੰਧ ਸੁਧਾਰਨ ਦਾ ਚਾਹਵਾਨ ਹੈ। ਪਾਕਿਸਤਾਨ ਨੂੰ ਵੀ ਚਾਹੀਦਾ ਹੈ ਕਿ ਉਹ ਸੁਧਾਰ ਦੀ ਦਿਸ਼ਾ ਵੱਲ ਉਸਾਰੂ ਕਦਮ ਚੁੱਕੇ।"